ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I


awazeqaumtvpunjab@gmail.com

ਮੰਗਲਵਾਰ, 3 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੨੧ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਗੋਬਿੰਦ ਸਿੰਘ ਦੇ ਵਿਆਹ ਸਮੇਂ ਜੋ ਬੱਚਿਆਂ ਤੇ ਪਰਿਵਾਰ ਤੋਂ ਬੱਜਰ ਗੁਸਤਾਖੀ ਹੋਈ ਹੈ, ਉਸਦੀ ਸਮੁੱਚੇ ਖ਼ਾਲਸਾ ਪੰਥ ਤੋਂ ਮੁਆਫ਼ੀ ਮੰਗਦੇ ਹਾਂ : ਮਾਨ

**ਫ਼ਤਹਿਗੜ੍ਹ ਸਾਹਿਬ ( ਰਣਜੀਤ ਸਿੰਘ ਪੇਧਨੀ )**-ਮੇਰੇ ਦੋਹਤੇ ਸ. ਗੋਬਿੰਦ ਸਿੰਘ ਦਾ ਬੀਤੇ ਦਿਨੀਂ ਵਿਆਹ ਪ੍ਰੋਗਰਾਮ ਹੋਇਆ ਹੈ । ਬੇਸ਼ੱਕ ਮੈਂ ਉਸ ਦਿਨ ਚੰਡੀਗੜ੍ਹ ਵਿਚ ਹੀ ਸੀ ਪਰ ਜਦੋ ਬੱਚਿਆਂ ਤੇ ਪਰਿਵਾਰ ਨੇ ਛੱਤਰ ਦੇ ਨਾਲ ਚੌਰ ਸਾਹਿਬ ਝੁਲਾਉਣ ਦੇ ਅਮਲ ਕੀਤੇ, ਉਸ ਕਾਰਜ ਸਮੇ ਮੈਂ ਉਥੇ ਨਹੀ ਸੀ । ਮੈਨੂੰ ਤਾਂ ਸਿੱਖ ਰਹਿਤ ਮਰਿਯਾਦਾ ਦੀ ਪੂਰੀ ਜਾਣਕਾਰੀ ਵੀ ਹੈ ਅਤੇ ਛੱਤਰ ਤੇ ਚੌਰ ਸਾਹਿਬ ਦੀ ਵੱਡੀ ਮਹਾਨਤਾ ਬਾਰੇ ਵੀ ਸਮਝ ਹੈ । ਜੇਕਰ ਮੈਂ ਮੌਕੇ ਤੇ ਹੁੰਦਾ ਤਾਂ ਮੈਂ ਉਸ ਸਮੇ ਬੱਚਿਆਂ ਨੂੰ ਅਜਿਹਾ ਕਰਨ ਤੋ ਹਰ ਕੀਮਤ ਤੇ ਵਰਜ ਦੇਣਾ ਸੀ । ਕਿਉਂਕਿ ਮੈਂ ਸ. ਗੋਬਿੰਦ ਸਿੰਘ ਦੇ ਨਾਨਾ ਹੋਣ ਦੇ ਨਾਲ-ਨਾਲ ਖ਼ਾਲਸਾ ਪੰਥ ਦੀ ਆਜਾਦੀ ਲਈ ਸੰਘਰਸ਼ ਕਰਦੀ ਆ ਰਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਮੁੱਖ ਸੇਵਾਦਾਰ ਵੀ ਹਾਂ । ਇਸ ਲਈ ਮੈਂ ਇਸ ਹੋਈ ਗੁਸਤਾਖੀ ਲਈ ਆਪਣੇ ਅਤੇ ਆਪਣੇ ਪਰਿਵਾਰ ਵੱਲੋਂ ਮੀਰੀ-ਪੀਰੀ ਦੇ ਮਹਾਨ ਤਖ਼ਤ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਮੁੱਚੇ ਖ਼ਾਲਸਾ ਪੰਥ ਤੋਂ ਆਤਮਿਕ ਤੌਰ ਤੇ ਮੁਆਫ਼ੀ ਮੰਗਦਾ ਹਾਂ ।"



## ਅੰਤਰਰਾਸ਼ਟਰੀ ਸਾਈਬਰ ਠੱਗ ਗਿਰੋਹ ਦਾ ਪਰਦਾਫਾਸ਼

# ਸੀਬੀਆਈ ਵਲੋਂ ਪੰਜਾਬ ਸਣੇ 10 ਸੂਬਿਆਂ 'ਚ 35 ਥਾਵਾਂ 'ਤੇ ਛਾਪੇਮਾਰੀ

**ਨਵੀਂ ਦਿੱਲੀ, 2 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਅੰਤਰਰਾਸ਼ਟਰੀ ਪੱਧਰ 'ਤੇ ਚੱਲ ਰਹੇ ਸਾਈਬਰ ਅਪਰਾਧਾਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਇਕ ਬਹੁ-ਪੱਖੀ ਮੁਹਿੰਮ 'ਆਪ੍ਰੇਸ਼ਨ ਸਾਈਸਟ੍ਰਾਈਕ' ਦੀ ਸ਼ੁਰੂਆਤ ਕੀਤੀ ਹੈ। ਇਹ ਕਾਰਵਾਈ ਅਮਰੀਕਾ ਦੀ ਐੱਫਬੀਆਈ, ਬ੍ਰਿਟੇਨ, ਕੁਵੈਤ, ਆਇਰਲੈਂਡ ਅਤੇ ਸਿੰਗਾਪੁਰ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਹਿਯੋਗ ਨਾਲ ਚਲਾਈ ਗਈ ਹੈ। ਇਹ ਅਪ੍ਰੇਸ਼ਨ 31 ਜਨਵਰੀ ਨੂੰ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਤਹਿਤ ਸੀਬੀਆਈ ਨੇ ਪੰਜਾਬ, ਨਵੀਂ ਦਿੱਲੀ, ਬਿਹਾਰ, ਮਹਾਰਾਸ਼ਟਰ, ਕਰਨਾਟਕ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, ਤੇਲੰਗਾਨਾ ਅਤੇ ਪੱਛਮੀ ਬੰਗਾਲ 'ਚ ਕੁੱਲ 35 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਇਸ ਕਾਰਵਾਈ ਦੌਰਾਨ ਏਜੰਸੀ ਨੇ ਇਕ ਮੁੱਖ ਮੁਲਜ਼ਮ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਸੀਬੀਆਈ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਕਾਰਵਾਈ ਰਾਹੀਂ ਉਨ੍ਹਾਂ ਅੰਤਰਰਾਸ਼ਟਰੀ ਸਾਈਬਰ ਵਿੱਤੀ ਅਪਰਾਧ ਨੈੱਟਵਰਕਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ, ਜੋ ਭਾਰਤ ਅਤੇ ਹੋਰ ਦੇਸ਼ਾਂ ਤੋਂ ਬੈਠ ਕੇ ਫਰਜ਼ੀ ਨਾਵਾਂ ਹੇਠ ਲੋਕਾਂ ਨਾਲ ਠੱਗੀ ਮਾਰਦੇ ਸਨ। ਵਿਸ਼ੇਸ਼ ਤੌਰ 'ਤੇ ਨਵੀਂ ਦਿੱਲੀ 'ਚ ਚੱਲ ਰਹੇ ਇੱਕ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ, ਜੋ ਅਮਰੀਕਾ ਦੇ ਪੀੜਤਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ਇਹ ਅਪਰਾਧੀ ਅਮਰੀਕਾ, ਬ੍ਰਿਟੇਨ, ਕੁਵੈਤ, ਆਇਰਲੈਂਡ, ਸਿੰਗਾਪੁਰ ਅਤੇ ਭਾਰਤ ਦੇ ਨਾਗਰਿਕਾਂ ਨੂੰ ਆਨਲਾਈਨ ਤਰੀਕਿਆਂ ਨਾਲ ਆਪਣਾ ਸ਼ਿਕਾਰ ਬਣਾਉਂਦੇ ਸਨ। ਤਲਾਸ਼ੀ ਦੌਰਾਨ ਸੀਬੀਆਈ ਨੇ ਮੁਲਜ਼ਮਾਂ ਕੋਲੋਂ ਅਪਰਾਧ ਨਾਲ ਸਬੰਧਤ ਕਈ ਇਲੈਕਟ੍ਰਾਨਿਕ ਉਪਕਰਨ ਜ਼ਬਤ ਕੀਤੇ ਹਨ। ਇਨ੍ਹਾਂ 'ਚ ਲੈਪਟਾਪ, ਮੋਬਾਈਲ ਫੋਨ ਅਤੇ ਕੰਪਿਊਟਰ ਹਾਰਡ ਡਿਸਕਾਂ ਸ਼ਾਮਲ ਹਨ, ਜਿਨ੍ਹਾਂ 'ਚ ਅਪਰਾਧਿਕ ਗਤੀਵਿਧੀਆਂ ਨਾਲ ਸਬੰਧਤ ਇਤਰਾਜ਼ਯੋਗ ਡਿਜੀਟਲ ਸਬੂਤ ਮਿਲੇ ਹਨ।




## ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ, ਰਿਹਾਈ ਇੱਕ ਦਿਨ ਲਈ ਟਲੀ


**ਨਾਭਾ, 2 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਰਿਹਾਈ ਕੱਲ 3 ਫਰਵਰੀ ਤੱਕ ਲਈ ਟਲ ਗਈ ਹੈ। ਸੁਪਰੀਮ ਕੋਰਟ ਨੇ ਅਕਾਲੀ ਆਗੂ ਨੂੰ ਅੱਜ ਵੱਡੀ ਰਾਹਤ ਦਿੰਦਿਆਂ ਆਮਦਨ ਤੋਂ ਵੱਧ ਮਾਮਲੇ 'ਚ ਜ਼ਮਾਨਤ ਦੇ ਦਿੱਤੀ ਹੈ, ਜਿਸ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਦੇ ਵਕੀਲਾਂ ਵੱਲੋਂ ਨਾਭਾ ਜੇਲ੍ਹ ਵਿਚੋਂ ਬਾਹਰ ਲਿਆਉਣ ਦੀਆਂ ਤਿਆਰੀਆਂ ਕੀਤੀਆਂ ਗਈਆਂ। ਵਕੀਲ ਅਰਸ਼ਦੀਪ ਸਿੰਘ ਕਲੇਰ ਵੱਲੋਂ ਮੁਹਾਲੀ ਅਦਾਲਤ ਵਿੱਚ ਸੁਪਰੀਮ ਕੋਰਟ ਦੇ ਆਰਡਰਾਂ ਦੀ ਕਾਪੀ ਲੈਣ ਲਈ ਪਹੁੰਚ ਵੀ ਕੀਤੀ ਗਈ ਪਰੰਤੂ ਆਰਡਰ ਅਪਲੋਡ ਨਾ ਹੋਣ ਕਾਰਨ ਰਿਹਾਈ ਕੱਲ ਲਈ ਟਲ ਗਈ ਹੈ। ਦੱਸ ਦਈਏ ਕਿ ਬਿਕਰਮ ਸਿੰਘ ਮਜੀਠੀਆ ਦੀ ਰਿਹਾਈ ਨੂੰ ਲੈ ਕੇ ਅਕਾਲੀ ਵਰਕਰਾਂ 'ਚ ਭਾਰੀ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸ ਦੌਰਾਨ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੇ ਨਾਲ ਨਾਭਾ ਦੀ ਨਵੀਂ ਜੇਲ੍ਹ 'ਚ ਮੁਲਾਕਾਤ ਕੀਤੀ। ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਵੱਡਾ ਬਿਆਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦਰਜ ਮਾਮਲੇ ਝੂਠੇ ਹੈ। ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਬੇਬੁਨਿਆਦ ਇਲਜ਼ਾਮ ਲਗਾਏ ਗਏ ਹਨ। ਉਨ੍ਹਾਂ ਨੇ ਕਿਹਾ ਕਿ ਮਜੀਠੀਆ ਖਿਲਾਫ ਡਰੱਗ ਦੇ ਸਾਰੇ ਮਾਮਲੇ ਝੂਠੇ ਹਨ। ਮਜੀਠੀਆ ਮੇਰੇ ਦੋਸਤ ਹਨ ਅਤੇ ਅੱਗੇ ਵੀ ਮਿਲਦਾ ਰਹਾਂਗਾ। ਰਿਸ਼ਤੇਦਾਰੀ ਆਪਣੀ ਥਾਂ ਅਤੇ ਸਰਕਾਰ ਆਪਣੀ ਥਾਂ ਹੈ।



## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤਾ ਗਿਆ ਜ਼ਰੂਰੀ ਆਦੇਸ਼

**ਅੰਮ੍ਰਿਤਸਰ, 2 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਇੱਕ ਜ਼ਰੂਰੀ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ। ਜਾਰੀ ਕੀਤੀ ਗਏ ਆਦੇਸ਼ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨਾਲ ਹਰ ਗੁਰੂ ਨਾਨਕ ਨਾਮ ਲੇਵਾ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਵਿੱਚ ਕਿਸੇ ਵੀ ਧਿਰ ਵੱਲੋਂ ਸਿਆਸਤ, ਦੂਸ਼ਣਬਾਜ਼ੀ, ਕਾਹਲੀ ਅਤੇ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਕੀਤੀ ਗਈ ਹਦਾਇਤ ਦੇ ਬਾਵਜੂਦ ਵੀ ਇਸ ਮਾਮਲੇ ਵਿੱਚ ਕੁਝ ਸਬੰਧਤ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਅਤੇ ਮੀਡੀਆ, ਸੋਸ਼ਲ ਮੀਡੀਆ ਉੱਪਰ ਵੀ ਟ੍ਰਾਇਲ ਚਲਾਇਆ ਜਾ ਰਿਹਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਹਦਾਇਤ ਦੀ ਭਾਵਨਾ ਦਾ ਸਤਿਕਾਰ ਨਹੀਂ। ਆਦੇਸ਼ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿੱਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਬਿਲਕੁਲ ਵੀ ਵਾਜਬ ਨਹੀਂ, ਕਿਉਂਕਿ ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਸੰਗਤਾਂ ਵਿੱਚ ਦੁਵਿਧਾ ਪੈਦਾ ਹੁੰਦੀ ਹੈ। ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਜਾਂ ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉੱਤੇ ਕੋਈ ਪ੍ਰੈੱਸ ਵਾਰਤਾ ਕਰਨ ਜਾਂ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਟ੍ਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉੱਤੇ ਫ਼ੈਸਲੇ ਦੇਣ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਬੰਧਤ ਧਿਰਾਂ ਨੂੰ ਇੱਕ ਵਾਰ ਫਿਰ ਸਖ਼ਤੀ ਨਾਲ ਹਦਾਇਤ ਕੀਤੀ ਕਿ ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਇਸ ਮਾਮਲੇ ਵਿੱਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਯਾਦਾ ਰੱਖਣ ਅਤੇ ਕੀਤੇ ਆਦੇਸ਼ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਪੁਲਿਸ ਦੀ ਜਾਂਚ ਟੀਮ ਜਦੋਂ ਵੀ ਕਿਤੇ ਜਾਂਚ ਪੜਤਾਲ ਦੀ ਕਾਰਵਾਈ ਲਈ ਜਾ ਰਹੀ ਹੈ ਤਾਂ ਉਸ ਦੀ ਜਾਣਕਾਰੀ ਮੀਡੀਆ ਨੂੰ ਲੀਕ ਕਰਕੇ ਖ਼ਬਰਾਂ ਚਲਵਾਈਆਂ ਜਾ ਰਹੀਆਂ ਹਨ ਜੋ ਕਿ ਜ਼ਿੰਮੇਵਾਰੀ ਵਾਲੀ ਅਤੇ ਸੰਜੀਦਾ ਪਹੁੰਚ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਂਚ ਦੇ ਚੱਲਦਿਆਂ ਇਹ ਵੀ ਸਾਹਮਣੇ ਆਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਦਰਸ਼ਨ ਕਰਨ ਲਈ ਪੁਲਿਸ ਵੱਲੋਂ ਬਹੁਤ ਕਾਹਲੀ ਕੀਤੀ ਜਾਂਦੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀ ਤੱਥਾਂ ਰਹਿਤ ਜਾਣਕਾਰੀ ਜਨਤਕ ਕਰਨ ਵਿੱਚ ਵੀ ਕਾਹਲੀ ਕੀਤੀ ਗਈ ਹੈ, ਜਿਸ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਅਤੇ ਪੰਜਾਬ ਅੰਦਰ ਅਮਨ ਕਾਨੂੰਨ ਭੰਗ ਹੋਣ ਜਿਹੀ ਸਥਿਤੀ ਬਨਣ ਦੇ ਹਾਲਾਤ ਵੀ ਪੈਦਾ ਹੋਏ। ਭਾਵੇਂ ਕਿ ਮੌਜੂਦਾ ਵਿਸ਼ੇਸ਼ ਜਾਂਚ ਟੀਮ ਦੀ ਯੋਗਤਾ ਉੱਤੇ ਕੋਈ ਸ਼ੰਕਾ ਨਹੀਂ, ਪਰੰਤੂ ਚੰਗਾ ਹੋਵੇ ਪੰਜਾਬ ਪੁਲਿਸ ਦੀ ਜਾਂਚ ਟੀਮ ਉਹ ਹੋਵੇ ਜਿਸ ਨੂੰ ਗੁਰਮਤਿ ਅਤੇ ਸਿੱਖ ਮਰਯਾਦਾ ਦੀ ਪੂਰਨ ਸਮਝ ਹੋਵੇ ਅਤੇ ਅੰਮ੍ਰਿਤਧਾਰੀ ਸਿੱਖਾਂ ਅਧਾਰਤ ਟੀਮ ਹੋਵੇ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੰਜੀਦਗੀ, ਸਹਿਣਸ਼ੀਲਤਾ, ਗੁਰੂ ਸਾਹਿਬ ਦੀ ਬਖ਼ਸ਼ੀ ਬਿਬੇਕ ਬੁੱਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ, ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਅਤੇ ਸਤਿਕਾਰ ਨੂੰ ਹਮੇਸ਼ਾ ਧਿਆਨ ਵਿੱਚ ਰੱਖਿਆ ਜਾਵੇ।


ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ ਸਾਹਿਬ

Sri Akal Takhat Sahib, Sri Amritsar Sahib

ਨੰਬਰ ਅ:ਤ/੩੪੩ ਮਿਤੀ ੦੨-੦੨-੨੦੨੬

ਆਦੇਸ਼

## ਚੌਰ ਤੇ ਛਤਰ ਝੁਲਾਉਣ ਦੇ ਮਾਮਲੇ 'ਚ ਗੋਵਿੰਦ ਸਿੰਘ ਸੰਧੂ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ, ਲਿਖਤੀ ਖਿਮਾ ਜਾਚਨਾ ਸੌਂਪੀ



**ਅੰਮ੍ਰਿਤਸਰ, 2 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਬੀਤੇ ਦਿਨੀਂ ਇਕ ਵਿਆਹ ਸਮਾਗਮ ਦੌਰਾਨ ਚੌਰ ਕਰਵਾਉਣ ਅਤੇ ਛਤਰ ਝੁਲਾਉਣ ਦੇ ਮਾਮਲੇ ਨੂੰ ਲੈ ਕੇ ਉੱਠੇ ਵਿਵਾਦ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਗੋਵਿੰਦ ਸਿੰਘ ਸੰਧੂ ਅੱਜ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਏ। ਇਸ ਮੌਕੇ ਗੋਵਿੰਦ ਸਿੰਘ ਸੰਧੂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਲਿਖਤੀ ਰੂਪ ਵਿੱਚ ਆਪਣੀ ਖਿਮਾ ਜਾਚਨਾ ਸੌਂਪੀ। ਜ਼ਿਕਰਯੋਗ ਹੈ ਕਿ ਵਿਆਹ ਸਮਾਗਮ ਦੌਰਾਨ ਚੌਰ ਅਤੇ ਛਤਰ ਨਾਲ ਸੰਬੰਧਿਤ ਤਸਵੀਰਾਂ ਤੇ ਵੀਡੀਓਜ਼ ਸਾਹਮਣੇ ਆਉਣ ਮਗਰੋਂ ਪੰਥਕ ਹਲਕਿਆਂ ਵਿੱਚ ਇਸ ਮਾਮਲੇ ਨੂੰ ਲੈ ਕੇ ਚਰਚਾ ਤੇ ਇਤਰਾਜ਼ ਕੀਤਾ ਜਾ ਰਿਹਾ ਸੀ। ਕਈ ਧਾਰਮਿਕ ਜਥੇਬੰਦੀਆਂ ਅਤੇ ਸਿੱਖ ਸੰਗਤ ਵੱਲੋਂ ਇਸ ਮਾਮਲੇ 'ਤੇ ਸਪੱਸ਼ਟੀਕਰਨ ਦੀ ਮੰਗ ਕੀਤੀ ਗਈ ਸੀ। ਹੁਣ ਇਸ ਮਾਮਲੇ ਸਬੰਧੀ ਅਗਲਾ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਥੇਦਾਰ ਸਿੰਘ ਸਾਹਿਬ ਦੀ ਅਗਵਾਈ ਹੇਠ ਵਿਚਾਰ ਮਗਰੋਂ ਲਿਆ ਜਾਵੇਗਾ। ਪੰਥਕ ਹਲਕਿਆਂ ਦੀ ਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਗਲੇ ਹੁਕਮਾਂ 'ਤੇ ਟਿਕੀ ਹੋਈ ਹੈ।

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

**ਧੰਨ ਧੰਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# 28ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ

ਆਵਾਜ਼ਿ ਕੌਮ AWAZE QAUM
International Newspaper & WEB TV

ਮਿਤੀ : 11 ਫਰਵਰੀ 2026, ਦਿਨ ਬੁੱਧਵਾਰ ।

ਸਹਾਇਤਾ ਵੰਡ ਸਮਾਗਮ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : **ਗਰਾਂਊਂਡ ਮਿਡਲ ਸਕੂਲ, ਪਿੰਡ ਐਮਾਂ ਜੱਟਾਂ, ਜ਼ਿਲਾ ਹੁਸ਼ਿਆਰਪੁਰ ਵਿਖੇ ।**

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਯੋਗੀ ਦੇਵੀ ਨਾਥ ਐਮਾਂ ਜੱਟਾਂ ।

ਮੁੱਖ ਮਹਿਮਾਨ : ਸ: ਜਗਤਾਰ ਸਿੰਘ ਸਟੇਟ ਟੈਕਸ ਅਫ਼ਸਰ ਹੁਸ਼ਿਆਰਪੁਰ ।

ਵਿਸ਼ੇਸ਼ ਮਹਿਮਾਨ:
ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਯੂਨੀਕ ਹੋਮ, ਭਾਈ ਘੱਨਈਆ ਜੀ ਚੈਰੀਟੇਬਲ ਟਰੱਸਟ ਜਲੰਧਰ ।
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ
ਸ੍ਰੀ ਯੋਗ ਰਾਜ ਮੈਰਾ, ਡਾਇਰੈਕਟਰ ਫਾਈਨਾਂਸੀਅਲ ਐਡਵਾਈਜ਼ਰ ਡਿਪਾਰਟਮੈਂਟ ਆਫ ਪੋਸਟ ਮਨੀਸੀਟਰੀ ਆਫ ਕੁਮਿਨੀਕੇਸ਼ਨ ਭਾਰਤ ਸਰਕਾਰ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ SGPC ਅੰਮ੍ਰਿਤਸਰ, ਸ: ਦਲਜੀਤ ਸਿੰਘ ਖੱਖ, ਡੀ.ਐਸ.ਪੀ, ਗੜ੍ਹਸ਼ੰਕਰ।
ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਅਤੇ ਬੀ.ਡੀ.ਸੀ. ਨਵਾਂਸ਼ਹਿਰ ।
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਹਰਸੇਵਾ ਮੈਡੀਕਲ ਟਰੱਸਟ, ਯੂ.ਕੇ. ਮੋਰਾਂਵਾਲੀ ।, ਗ੍ਰੀਨ ਵਿਲੇਜ਼ ਸੁਸਾਇਟੀ, ਬੀਣੇਵਾਲ ।
ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਗੜ੍ਹਸ਼ੰਕਰ ।
ਮਾਤਾ ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ, ਭੂੰਗਰਨੀ, ਹੁਸ਼ਿਆਰਪੁਰ।
ਲੈਕ: ਰਜਿੰਦਰ ਕੁਮਾਰ ਸ਼ਰਮਾ, ਬੰਗਾ।, ਸਮਾਜ ਭਲਾਈ ਸਵੈ-ਸੇਵੀ ਸੰਸਥਾ, ਪਿੰਡ ਸੁੱਜੋਂ ।
ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁਲਪੁਰ, ਨਵਾਂਗਰਾ ।
ਸ: ਜਤਿੰਦਰ ਸਿੰਘ ਲਾਡੀ ਸਭ ਦਾ ਭਲਾ ਚੈਰੀਟੇਬਲ ਹਸਪਤਾਲ, ਸ਼ਿਕਾਰ ਮਾਸ਼ੀਆਂ (ਗੁਰਦਾਸਪੁਰ)
ਰਵਿੰਦਰ ਕੌਰ ਕਨੇਡਾ ਐਮਾਂ ਜੱਟਾਂ, ਸੁਰਿੰਦਰ ਸਿੰਘ ਯੂ.ਕੇ. ਐਮਾਂ ਜੱਟਾਂ,
ਡਾ: ਪਰਮਿੰਦਰ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਸਲਾ ਕਾਲਜ, ਮਾਹਿਲਪੁਰ ।
ਡਾ: ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਬੰਗਾ ।

ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦਾ ਲੰਗਰ ਲਗਾਇਆ ਜਾਵੇਗਾ ।

ਲਾਈਵ ਚੈਨਲ ਮਿਸਟਰ ਸਿੰਘ ਪ੍ਰੋਡੈਕਸ਼ਨ ਟੀ.ਵੀ. ਚੈਨਲ ਤੇ ਲਾਈਵ ਹੋਵੇਗਾ ।

ਸਨਮਾਨਿਤ ਸਖਸ਼ੀਅਤਾਂ ਅਤੇ ਸੰਸਥਾਵਾਂ
ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ ।
ਸ: ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ।
ਡਾ: ਕਸ਼ਮੀਰ ਚੰਦ ਐਮ.ਐਸ. ਪੀ.ਸੀ.ਐਮ.ਐਸ.-1, ਸਰਜੀਕਲ ਸਪੈਸ਼ਲਿਸਟ, ਐਮ.ਜੇ. ਲਾਈਫ ਹਸਪਤਾਲ, ਬੰਗਾ
ਡਾ: ਨਿਰਮਲ ਕੁਮਾਰ, ਐਸ.ਐਮ.ਓ. ਸੀ.ਐਚ.ਸੀ. ਬੀਣੇਵਾਲ, ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ।
ਰਿਟਾਇਰ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।
ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

**ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਚਾਨਣਾਂ ਪਾਉਣਗੇ ।**

ਅਜ਼ਾਦ ਰੰਗਮੰਚ ਰਜਿ: ਕਲਾ ਭਵਨ ਫਗਵਾੜਾ ਵਲੋਂ ਬੀਬੀ ਕੁਲਵੰਤ ਦੇ ਨਿਰਦੇਸ਼ਨਾ ਤਹਿਤ "ਗੁਰੂ ਤੇਗ ਬਹਾਦਰ ਬੋਲਿਆ" ਨਾਟਕ ਪੇਸ਼ ਕੀਤਾ ਜਾਵੇਗਾ ।

ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।

ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ,
ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਐਮਾਂ ਜੱਟਾਂ (ਹੁਸ਼ਿਆਰਪੁਰ)
ਮੋਬਾ: 98153-48143, 98140-23547

ਛਾਪਕ : ਸੱਲ੍ਹਣ ਪ੍ਰਿੰਟਿੰਗ ਪ੍ਰੈਸ, ਬੰਗਾ # 94646-34793, 98159-01698

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਪਤਿਸ਼ਾਹੀ ਸ਼ਬਦ ਸਚੀ ਟਕਸਾਲ ॥
ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲ਼ਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

ਮਹਿਤਾ ਚੌਂਕ, ਅੰਮ੍ਰਿਤਸਰ



ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- ROOT CANALS
- CLEANING
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**

B.D.S., Dental Surgeon
Moti Nagar, Near Railway Crossing, Maqsudan
Jalandhar-144 008

**Contact :**

**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'





# ਗਵਾਚੀਆਂ ਰੌਣਕਾਂ — ਸਮਾਜ ਦੇ ਬਦਲਦੇ ਚਿਹਰੇ ਦੀ ਸੱਚਾਈ

**ਸਮਾਂ ਕਦੇ** ਰੁਕਦਾ ਨਹੀਂ, ਪਰ ਮਨੁੱਖ ਦੇ ਦਿਲ ਵਿੱਚ ਕੁਝ ਪਲ ਹਮੇਸ਼ਾ ਲਈ ਰੁਕ ਜਾਂਦੇ ਨੇ—ਓਹ ਪਲ ਜਦੋਂ ਘਰਾਂ ਵਿੱਚ ਰੌਲ-ਰੱਪਾਂ ਹੁੰਦਾ ਸੀ, ਪਰਿਵਾਰ ਇਕੱਠੇ ਬੈਠਦੇ ਸਨ, ਤੇ ਰਿਸ਼ਤਿਆਂ ਦੀ ਡੋਰ ਮਜ਼ਬੂਤ ਹੁੰਦੀ ਸੀ। ਅੱਜ ਉਹੀ ਰਿਸ਼ਤੇ ਕੱਚ ਦੇ ਵਾਂਗੂ ਟੁੱਟਣ ਲੱਗ ਪਏ ਨੇ, ਅਤੇ ਰੌਣਕਾਂ ਜੋ ਕਦੇ ਘਰਾਂ ਦੀ ਸ਼ੋਭਾ ਹੁੰਦੀਆਂ ਸਨ, ਓਹ ਕਿਤੇ ਗਵਾਚ ਚੁੱਕੀਆਂ ਨੇ। "ਗਵਾਚੀਆਂ ਰੌਣਕਾਂ" ਇੱਕ ਇਨ੍ਹਾਂ ਹੀ ਬਦਲਦੇ ਹਾਲਾਤਾਂ ਦੀ ਗਹਿਰਾਈ ਵਿੱਚ ਝਾਤ ਮਾਰਣ ਵਾਲੀ ਕਹਾਣੀ ਹੈ—ਬਚਪਨ ਤੋਂ ਬੁਢਾਪੇ ਤੱਕ, ਰਿਸ਼ਤਿਆਂ ਤੋਂ ਵਿਸ਼ਵਾਸ ਤੱਕ ਅਤੇ ਸਮਾਜ ਤੋਂ ਇਨਸਾਨੀਅਤ ਤੱਕ।

1. ਬਚਪਨ: ਜਦੋਂ ਰੌਣਕਾਂ ਸਚਮੁਚ ਰੌਣਕਾਂ ਹੁੰਦੀਆਂ ਸਨ

ਇੱਕ ਵਕਤ ਸੀ ਜਦੋਂ ਬਚਪਨ ਨਿਰਦੋਸ਼ੀ, ਸੱਚਾਈ ਅਤੇ ਖੁੱਲ੍ਹੀ ਹੱਸ ਦੀ ਪਰਿਭਾਸ਼ਾ ਸੀ। ਬੱਚੇ ਮਿੱਟੀ ਵਿੱਚ ਖੇਡ ਕੇ ਵੀ ਖੁਸ਼ ਸਨ। ਇਕ ਕੁਰਸੀ ਤੇ ਪਏ ਰੋਟੀ ਦੇ ਟੁਕੜੇ ਨੂੰ ਵੰਡ ਕੇ ਖਾਣਾ ਸਮਝਦੇ ਸਨ। ਮਾਪਿਆਂ ਦਾ ਡਾਂਟ ਵੀ ਪਿਆਰ ਹੁੰਦਾ ਸੀ, ਤੇ ਦਾਦਿਆਂ-ਨਾਨਿਆਂ ਦੀਆਂ ਕਹਾਣੀਆਂ ਜੀਵਨ ਦਾ ਸਭ ਤੋਂ ਵੱਡਾ ਵਿਦਿਆਲਿਆ।

ਪਰ ਅੱਜ ਬੱਚਾ ਮੋਬਾਈਲ ਦਾ ਬੰਦੀ ਬਣ ਗਿਆ। ਉਸਦੀ ਰੌਣਕ ਸਕਰੀਨ ਦੀ ਰੌਸ਼ਨੀ ਵਿੱਚ ਦਬ ਗਈ। ਮਾਪੇ ਰੋਜ਼ੀ-ਰੋਟੀ ਦੀ ਦੌੜ ਵਿੱਚ ਇੰਨੇ ਮਸ਼ਰੂਫ਼ ਕਿ ਬੱਚੇ ਦੀਆਂ ਅੱਖਾਂ ਵਿੱਚ ਉਠਣ ਵਾਲੇ ਸਵਾਲਾਂ ਨੂੰ ਪੜ੍ਹਨ ਦੀ ਫੁਰਸਤ ਵੀ ਨਹੀਂ।

ਬਚਪਨ ਦੀਆਂ ਰੌਣਕਾਂ ਗੁੰਮ ਨਹੀਂ ਹੋਈਆਂ—ਉਹ ਅਣਡਿੱਠੀਆਂ ਹੋ ਗਈਆਂ ਨੇ।

2. ਜਵਾਨੀ: ਆਜ਼ਾਦੀ ਦੀ ਥਾਂ ਬੇਰਾਹੀ

ਜਵਾਨੀ ਕਿਸੇ ਰਾਸ਼ਟਰ ਦੀ ਤਾਕਤ ਹੁੰਦੀ ਹੈ, ਪਰ ਅੱਜ ਦੀ ਜਵਾਨੀ ਦਿਮਾਗ ਦੀ ਥਾਂ ਦਿਖਾਵੇ ਦੀ ਸ਼ੌਕੀਨ ਬਣ ਗਈ।

ਸੋਸ਼ਲ ਮੀਡੀਆ ਨੇ ਅੱਖਾਂ ਦੇ ਸਾਹਮਣੇ ਇਕ ਨਕਲੀ ਦੁਨੀਆ ਖੜੀ ਕਰ ਦਿੱਤੀ—ਜਿੱਥੇ ਸੱਚੇ ਦੋਸਤਾਂ ਦੀ ਥਾਂ "followers" ਨੇ ਲੈ ਲਈ, ਸੱਚੀ ਮੁਹੱਬਤ ਦੀ ਥਾਂ "time pass" ਰਿਸ਼ਤੇ ਨੇ।

ਕੁਝ ਜਵਾਨ ਅੰਧੀ ਦੌੜ ਵਿੱਚ ਦੌੜ ਰਹੇ ਨੇ—ਦੌਲਤ, ਸ਼ੌਕ ਅਤੇ ਮੌਜ ਦੇ ਨਾਂ ਤੇ। ਇਸ ਦੌੜ ਵਿੱਚ ਉਹ ਖੁਦ ਨੂੰ ਤਾਂ ਗੁਆ ਰਹੇ ਨੇ, ਨਾਲ ਹੀ ਆਪਣੇ ਪਰਿਵਾਰ ਦਾ ਵੀ ਵਿਸ਼ਵਾਸ ਖੋ ਰਹੇ ਨੇ। ਨੌਜਵਾਨੀ ਜਿੱਥੇ ਕਦੇ ਸੇਵਾ, ਇਮਾਨਦਾਰੀ ਤੇ ਸੱਚਾਈ ਦੀ ਮਿਸਾਲ ਸੀ, ਉਹ ਅੱਜ ਅਕਸਰ ਨਾਜਾਇਜ਼ ਰਿਸ਼ਤਿਆਂ ਅਤੇ ਦਿਖਾਵੇ ਦੀ ਕਚੀ ਚਮਕ ਵਿੱਚ ਫਸ ਰਹੀ ਹੈ।

ਜਿੱਥੇ ਮਾਂ-ਬਾਪ ਦਾ ਆਸ਼ੀਰਵਾਦ ਬੁਨਿਆਦ ਹੁੰਦਾ ਸੀ, ਉੱਥੇ ਹੁਣ ਕਈ ਘਰਾਂ ਵਿੱਚ ਬੱਚਿਆਂ ਅਤੇ ਮਾਪਿਆਂ ਦੇ ਦਰਮਿਆਨ ਗੱਲਬਾਤ ਵੀ ਘਟਦੀ ਜਾ ਰਹੀ ਹੈ।

3. ਪਰਿਵਾਰ ਵਿੱਚ ਪਿਆਰ ਦੀ ਥਾਂ ਨਾਜਾਇਜ਼ ਰਿਸ਼ਤੇ

ਸਮਾਜ ਦਾ ਸਭ ਤੋਂ ਵੱਡਾ ਦਰਦ ਇਹ ਹੈ ਕਿ ਪਰਿਵਾਰ, ਜੋ ਸਹਾਰਾ ਸੀ, ਉਹੀ ਅੱਜ ਸ਼ਕ,ਝੂਠ ਅਤੇ ਦੂਰੀਆਂ ਦਾ ਕੇਂਦਰ ਬਣ ਗਿਆ।



ਜਿੱਥੇ ਪਤੀ-ਪਤਨੀ ਇੱਕ ਦੂਜੇ ਦਾ ਹੱਥ ਫੜਕੇ ਜੀਵਨ ਪਾਰ ਕਰਦੇ ਸਨ, ਅੱਜ ਉਹੀ ਘਰ ਨਾਜਾਇਜ਼ ਰਿਸ਼ਤਿਆਂ ਦੇ ਕਾਰਨ ਟੁੱਟ ਰਹੇ ਹਨ।

ਰਿਸ਼ਤਿਆਂ ਵਿਚ ਖਰਾਸ਼ ਆਉਣਾ ਨਵੀਂ ਗੱਲ ਨਹੀਂ, ਪਰ ਖਰਾਸ਼ ਨੂੰ ਦੂਰ ਕਰਨ ਦੀ ਕੋਸ਼ਿਸ਼ ਹੀ ਹੁਣ ਗਾਇਬ ਹੈ।

ਕਈ ਪਰਿਵਾਰਾਂ ਵਿੱਚ ਪਿਆਰ ਦੀ ਥਾਂ
ਗਲਤ ਸਾਥ,
ਗਲਤ ਰਿਸ਼ਤੇ,
ਅਤੇ ਗਲਤ ਰਾਹਾਂ ਨੇ
ਆਪਣੀ ਜਗ੍ਹਾ ਬਣਾ ਲਈ।

ਇਹ ਸਿਰਫ਼ ਇੱਕ ਵਿਅਕਤੀ ਦੀ ਗ.ਲਤੀ ਨਹੀਂ ਹੁੰਦੀ—ਇਹ ਸਮਾਜ ਦੇ ਤਰੀਕੇ, ਤਨਾਵਾਂ, ਦਬਾਅ ਅਤੇ ਬਦਲਦੇ ਮਿਆਰਾਂ ਦੀ ਮਿਲੀ-ਝੁਲੀ ਕਹਾਣੀ ਹੈ। ਪਰ ਜੋ ਵੀ ਹੋਵੇ, ਨਤੀਜਾ ਇੱਕ ਹੀ—ਰਿਸ਼ਤੇ ਟੁੱਟ ਰਹੇ ਨੇ ਅਤੇ ਘਰਾਂ ਦੀਆਂ ਰੌਣਕਾਂ ਗਵਾ ਰਹੀਆਂ ਨੇ।

4. ਟੁੱਟਦੇ ਰਿਸ਼ਤੇ ਅਤੇ ਟੁੱਟਦਾ ਮਨ

ਰਿਸ਼ਤਾ ਜਦੋਂ ਟੁੱਟਦਾ ਹੈ, ਉਹ ਸਿਰਫ਼ ਦੋ ਲੋਕਾਂ ਦੇ ਵਿਚਲੇ ਨਾਤੇ ਨਹੀਂ ਟੁੱਟਦੇ—

ਟੁੱਟਦੀ ਹੈ ਇਕ ਪਰੰਪਰਾ, ਇਕ ਵਿਸ਼ਵਾਸ, ਇਕ ਘਰ ਦੀ ਲਾਜ਼ ਅਤੇ ਕਈ ਵਾਰ ਇਕ ਪੂਰੀ ਪੀੜ੍ਹੀ ਦਾ ਭਵਿੱਖ।

ਅੱਜ ਦੇ ਸਮੇਂ ਵਿੱਚ ਰਿਸ਼ਤੇ ਇਤਨੇ ਕੱਚੇ ਕਿਉਂ ਹੋ ਗਏ?

ਕਿਉਂਕਿ ਲੋਕ ਸੁਣਦੇ ਘੱਟ ਨੇ, ਬੋਲਦੇ ਵੱਧ।

ਸਮਝਦੇ ਘੱਟ ਨੇ, ਸ਼ਕ ਵੱਧ ਕਰਦੇ ਨੇ।

ਗਲਤੀਆਂ ਮਾਫ਼ ਘੱਟ ਹੁੰਦੀਆਂ, ਤਾਣ ਵੱਧ ਲੱਗਦੇ ਨੇ।

ਅਤੇ "ਸਾਡਾ" ਕਿਰਦਾਰ "ਮੇਰਾ" ਵਿੱਚ ਬਦਲ ਗਿਆ।

ਘਰ, ਜਿੱਥੇ ਪਹਲਾਂ ਮੀਠੜੇ ਸ਼ਬਦਾਂ ਦੀ ਮਿਹਕ ਹੁੰਦੀ ਸੀ, ਹੁਣ ਠੰਡੇ ਜ਼ਿਹਰ ਵਾਲੀ ਬੋਲੀ ਨੇ ਜਗ੍ਹਾ ਲੈ ਲਈ।

5. ਬੁਢਾਪਾ: ਸਭ ਤੋਂ ਵੱਡਾ ਤਨਹਾਈ ਦਾ ਅਧਿਆਇ

ਜਿਹੜੇ ਮਾਪੇ ਬਚਪਨ ਵਿੱਚ ਬੱਚਿਆਂ ਨੂੰ ਰੌਣਕ ਦਿੰਦੇ ਸਨ, ਵੱਡੇ ਹੋ ਕੇ ਉਹੀ ਮਾਪੇ ਇਕੱਲੇ ਬੈਠੇ ਮਿਲਦੇ ਨੇ।

ਬੁੱਢੇ ਮਾਪਿਆਂ ਦੀ ਤਨਹਾਈ ਅੱਜ ਦਾ ਸਭ ਤੋਂ ਵੱਡਾ ਸਮਾਜਕ ਸਵਾਲ ਹੈ।

ਉਹ ਜਿਨ੍ਹਾਂ ਨੇ ਬਚਪਨ ਵਿੱਚ ਸਾਡੇ ਜੁੱਤਿਆਂ ਦੀ ਲੇਸ ਤੱਕ ਬੰਨ੍ਹੀ—ਅੱਜ ਉਨ੍ਹਾਂ ਦੇ ਹੱਥ ਕੰਬਦੇ ਨੇ, ਪਰ ਕੋਈ ਉਹਨਾਂ ਦਾ ਹੱਥ ਫੜਨ ਵਾਲਾ ਨਹੀਂ।

ਘਰਾਂ ਵਿੱਚ ਬੁਜ਼ੁਰਗ ਚੁੱਪ ਨਹੀਂ ਹੁੰਦੇ—
ਉਹ ਚੁੱਪ ਕਰ ਦਿੱਤੇ ਜਾਂਦੇ ਨੇ।

ਬੱਚਿਆਂ ਦੀ ਮਸ਼ਰੂਫ਼ੀ, ਪਰਿਵਾਰਕ ਟੁੱਟ, ਅਤੇ ਅਣਸੁਣੀ ਬੁਢੇਪੇ ਦੀ ਰੌਣਕ ਨੂੰ ਖੋ ਖਾ ਗਈ ਹੈ।

6. ਆਪਸੀ ਵਿਸ਼ਵਾਸ: ਜਿਸਦੀ ਕਦਰ ਹੁਣ ਕਿਸੇ ਕੋਲ ਨਹੀਂ

ਆਪਸੀ ਵਿਸ਼ਵਾਸ ਤੋਂ ਬਿਨਾ ਘਰ ਵੀ ਨਹੀਂ ਬਣਦਾ, ਸਮਾਜ ਵੀ ਨਹੀਂ।

ਪਰ ਵਿਸ਼ਵਾਸ ਹੁਣ ਲੋਕਾਂ ਲਈ ਕੁਝ ਇਸੇ ਤਰ੍ਹਾਂ ਹੈ ਜਿਵੇਂ ਇਕ ਪੁਰਾਣੀ ਰਿਵਾਇਤ।

ਲੋਕ
ਇੱਕ ਦੂਜੇ 'ਤੇ ਸ਼ੱਕ ਕਰਦੇ ਨੇ,
ਦੋਸਤੀਆਂ ਸੱਤਰ ਦੀ ਚਾਲੀ ਵਰਗੀ ਨਹੀਂ ਰਹੀਆਂ,
ਭੈਣ-ਭਰਾ ਵੀ ਵਾਰਸਤਾਂ ਦੇ ਮਾਮਲਿਆਂ ਵਿੱਚ ਇਕ ਦੂਜੇ ਦੇ ਵਿਰੁੱਧ ਖੜੇ ਮਿਲਦੇ ਨੇ।

ਵਿਸ਼ਵਾਸ ਕਰਨਾ ਲੋਕਾਂ ਨੂੰ ਖਤਰਾ ਲੱਗਣ ਲੱਗ ਪਿਆ ਹੈ, ਜਦੋਂਕਿ ਵਿਸ਼ਵਾਸ ਹੀ ਰਿਸ਼ਤਿਆਂ ਦਾ ਸਭ ਤੋਂ ਵੱਡਾ ਤਿਉਹਾਰ ਹੁੰਦਾ ਹੈ।

7. ਕੀ ਰੌਣਕਾਂ ਮੁੜ ਆ ਸਕਦੀਆਂ ਨੇ?

ਹਾਂ, ਆ ਸਕਦੀਆਂ ਨੇ—ਪਰ ਇਸਦਾ ਰਾਹ ਤਕਨਾਲੋਜੀ, ਪੈਸਾ ਜਾਂ ਸ਼ੌਕ ਨਹੀਂ ਦੱਸਣਗੇ।

ਇਹ ਰਾਹ ਦੱਸੇਗਾ ਇਨਸਾਨੀਅਤ, ਪਿਆਰ ਅਤੇ ਸਮਝ।

ਰੌਣਕਾਂ ਕਦੇ ਗਵਾ ਨਹੀਂ ਹੁੰਦੀਆਂ, ਉਹ ਸਿਰਫ਼ ਦਿਲਾਂ ਦੇ ਦਰਵਾਜ਼ੇ ਬੰਦ ਹੋਣ ਨਾਲ ਓਝਲ ਹੋ ਜਾਂਦੀਆਂ ਨੇ।

ਰੌਣਕ ਮੁੜ ਤਦ ਆਵੇਗੀ ਜਦੋਂ
ਬਚਪਨ ਨੂੰ ਮੋਬਾਈਲ ਨਹੀਂ ਸਹਾਰਾ ਮਿਲੇਗਾ,
ਜਵਾਨੀ ਨੂੰ ਮਕਸਦ ਮਿਲੇਗਾ,
ਪਰਿਵਾਰਾਂ ਨੂੰ ਸਮਝ ਮਿਲੇਗੀ,
ਰਿਸ਼ਤੇ ਇਰਾਦੇ ਨਾਲ ਜਿਉਣੇ ਜਾਣਗੇ,
ਬੁਜ਼ੁਰਗਾਂ ਦੀ ਇਜ਼ਤ ਰੋਜ਼ ਦੇ ਰੋਜ਼ ਹੋਵੇਗੀ,
ਅਤੇ ਵਿਸ਼ਵਾਸ ਨੂੰ ਦੁਬਾਰਾ ਮਨੁੱਖ ਦਾ ਹਿੱਸਾ ਬਣਾਇਆ ਜਾਵੇਗਾ।

ਅੰਤ ਵਿੱਚ—ਗਵਾਚੀਆਂ ਰੌਣਕਾਂ ਸਾਡੀ ਗਲਤੀ ਵੀ ਹਨ ਤੇ ਜ਼ਿੰਮੇਵਾਰੀ ਵੀ

ਸਮਾਜ ਦੇ ਬਦਲਾਅ ਨੂੰ ਕੋਈ ਰੋਕ ਨਹੀਂ ਸਕਦਾ, ਪਰ ਮਨੁੱਖ ਆਪਣੀ ਫਿਤਰਤ ਨੂੰ, ਆਪਣੀ ਸੋਚ ਨੂੰ, ਅਤੇ ਆਪਣੇ ਘਰਾਂ ਨੂੰ ਜ਼ਰੂਰ ਬਚਾ ਸਕਦਾ ਹੈ।

ਰੌਣਕਾਂ ਤਾਂ ਅੱਜ ਵੀ ਚਮਕ ਸਕਦੀਆਂ ਨੇ—ਜੇ ਅਸੀਂ ਚਾਹੀਏ।

ਸਵਾਲ ਇਹ ਨਹੀਂ ਕਿ ਰੌਣਕਾਂ ਕਿੱਥੇ ਗਵਾਚੀਆਂ ਨੇ।

ਸਵਾਲ ਇਹ ਹੈ ਕਿ ਅਸੀਂ ਉਹਨਾਂ ਨੂੰ ਮੁੜ ਲੱਭਣ ਲਈ ਤਿਆਰ ਹਾਂ ਜਾਂ ਨਹੀਂ।

**-ਜਸਵੰਤ ਗਰੇਵਾਲ**

# ਅਨੀਤਾ ਸ਼ਰਮਾ ਨੇ ਬੀਐਸਐਫ ਮੈਰਾਥਨ ਲਈ 10 ਲੱਖ ਰੁਪਏ ਪ੍ਰਦਾਨ ਕੀਤੇ

**ਚੌਕ ਮਹਿਤਾ, 2 ਫ਼ਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ ਸਾਲ ਵਾਂਗ, ਇਸ ਸਾਲ ਵੀ ਬੀਐਸਐਫ 22 ਫਰਵਰੀ 2026 ਨੂੰ ਗੋਲਡਨ ਗੇਟ ਤੋਂ ਅੰਮ੍ਰਿਤਸਰ ਅਟਾਰੀ ਗੇਟ ਤੱਕ ਬਾਰਡਰ ਪਾਪੂਲੇਸ਼ਨ ਅਗੇਂਸਟ ਡਰੱਗਜ਼ ਦੇ ਸਹਿਯੋਗ ਨਾਲ ਅਤੇ ਫਿੱਟ ਇੰਡੀਆ ਮੂਵਮੈਂਟ ਦੇ ਤਹਿਤ ਇੱਕ ਮੈਗਾ ਮੈਰਾਥਨ ਦਾ ਆਯੋਜਨ ਕਰ ਰਿਹਾ ਹੈ, ਜਿਸ ਵਿੱਚ ਇਸ ਵਾਰ 10000 ਨੌਜਵਾਨ ਦੌੜਾਕਾਂ ਨੂੰ ਰਜਿਸਟਰ ਕਰਨ ਦਾ ਟੀਚਾ ਹੈ ਅਤੇ ਹੁਣ ਤੱਕ 8000 ਲੋਕਾਂ ਨੇ ਆਪਣੇ ਆਪ ਨੂੰ ਰਜਿਸਟਰ ਕੀਤਾ ਹੈ।




ਇਸ ਪ੍ਰੋਗਰਾਮ ਦੀ ਸਫਲਤਾ ਲਈ ਆਦਿਤਿਆ ਸਹਿਯੋਗ ਦੀ ਇੱਕ ਉਦਾਹਰਣ ਪੇਸ਼ ਕਰਦੇ ਹੋਏ, ਸਨਾਤਨ ਧਰਮ ਸੁਰੱਖਿਆ ਪ੍ਰੀਸ਼ਦ ਦੀ ਰਾਸ਼ਟਰੀ ਸਰਪ੍ਰਸਤ ਅਤੇ ਪ੍ਰਮੁੱਖ ਸਮਾਜ ਸੇਵਿਕਾ ਅਨੀਤਾ ਸ਼ਰਮਾ ਨੇ 22 ਫਰਵਰੀ ਨੂੰ ਹੋਣ ਵਾਲੀ ਮੈਰਾਥਨ ਦੇ ਸਾਰੇ ਭਾਗੀਦਾਰਾਂ ਲਈ ਭੋਜਨ ਦਾ ਧਿਆਨ ਰੱਖਣ ਲਈ ਆਪਣੇ ਨਿੱਜੀ ਫੰਡ ਵਿੱਚੋਂ 10 ਲੱਖ ਰੁਪਏ ਦਾ ਯੋਗਦਾਨ ਪਾਇਆ।

ਇਸ ਦੇ ਨਾਲ ਹੀ ਸ਼੍ਰੀਮਤੀ ਅਨੀਤਾ ਸ਼ਰਮਾ ਨੇ ਕਿਹਾ ਕਿ ਬੀਐਸਐਫ ਦੇ ਅਧਿਕਾਰੀ ਅਤੇ ਜਵਾਨ ਸਾਡੇ ਲਈ ਸਤਿਕਾਰ ਅਤੇ ਵਧਾਈ ਦੇ ਪਾਤਰ ਹਨ, ਉਨ੍ਹਾਂ ਦੀ ਬਦੌਲਤ ਹੀ ਸਾਡੇ ਸਮਾਜ ਨੂੰ ਬਹੁਤ ਹੀ ਪ੍ਰਤੀਕੂਲ ਹਾਲਾਤਾਂ ਵਿੱਚ ਸੁਰੱਖਿਅਤ ਰੱਖਿਆ ਜਾ ਰਿਹਾ ਹੈ, ਮੌਸਮ ਦੀ ਕਠੋਰਤਾ ਨੂੰ ਸਹਿ ਕੇ, ਆਪਣੀਆਂ ਜਾਨਾਂ ਜੋਖਮ ਵਿੱਚ ਪਾ ਕੇ ਅਤੇ ਸਮੇਂ-ਸਮੇਂ 'ਤੇ ਕਈ ਕੁਰਬਾਨੀਆਂ ਦੇ ਕੇ, ਅਤੇ ਉਨ੍ਹਾਂ ਦੀ ਬਦੌਲਤ ਹੀ ਅਸੀਂ ਆਪਣੇ ਪਰਿਵਾਰਾਂ ਵਿੱਚ ਖੁਸ਼ੀ ਨਾਲ ਰਹਿ ਰਹੇ ਹਾਂ।

ਉਨ੍ਹਾਂ ਨੇ ਸਮੁੱਚੇ ਸਮਾਜ ਨੂੰ ਬੀਐਸਐਫ ਵੱਲੋਂ ਆਯੋਜਿਤ ਮੈਰਾਥਨ ਦੀ ਸਫਲਤਾ ਲਈ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸ਼੍ਰੀਮਤੀ ਅਨੀਤਾ ਸ਼ਰਮਾ ਆਪਣੇ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨਦੀ ਹੈ ਅਤੇ ਉਨ੍ਹਾਂ ਦੇ ਘਰਾਂ ਦੀ ਉਸਾਰੀ, ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਅਤੇ ਪਰਿਵਾਰਕ ਮੈਂਬਰਾਂ ਦੇ ਇਲਾਜ ਵਿੱਚ ਪੂਰਾ ਸਹਿਯੋਗ ਦਿੰਦੀ ਹੈ।

ਇਸ ਦੇ ਨਾਲ ਹੀ, ਆਦਿਤਿਆ ਨੇ ਲੋੜਵੰਦ ਮਰੀਜ਼ਾਂ ਦੇ ਇਲਾਜ ਅਤੇ ਲੋੜਵੰਦ ਧੀਆਂ ਦੀ ਸਿੱਖਿਆ ਅਤੇ ਵਿਆਹ ਵਿੱਚ ਪੂਰਾ ਸਮਰਥਨ ਸਹਿਯੋਗ ਦੇ ਕੇ ਪੂਰੇ ਸਮਾਜ ਲਈ ਇੱਕ ਮਿਸਾਲ ਕਾਇਮ ਕੀਤੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਸਨਾਤਨ ਧਰਮ ਸੁਰੱਖਿਆ ਪ੍ਰੀਸ਼ਦ ਦੇ ਰਾਸ਼ਟਰੀ ਪ੍ਰਧਾਨ, ਭਗਵਾਨ ਸ਼੍ਰੀ ਕ੍ਰਿਸ਼ਨ ਦੇ ਪਰਮ ਭਗਤ, ਪ੍ਰਸਿੱਧ ਗਊ ਕਥਾਵਾਚਕ, ਗਊ ਸੇਵਕ ਪੰਡਿਤ ਅਵਨ ਕੁਮਾਰ ਪਰਾਸ਼ਰ, ਜੋ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਸਨ, ਨੇ ਤਹਿਸੀਲਦਾਰ ਜੇਪੀ ਸਲਵਾਨ ( ਰਿਟਾਇਰਡ ) ਜਨਰਲ ਸਕੱਤਰ ਸਨਾਤਨ ਧਰਮ ਸੁਰੱਖਿਆ ਪ੍ਰੀਸ਼ਦ , ਬੀਐਸਐਫ ਦੇ ਸੀਨੀਅਰ ਅਧਿਕਾਰੀ ਡੀਆਈਜੀ ਐਸ ਐਸ ਚੰਦੇਲ, ਕਮਾਂਡੈਂਟ ਕਮਲ ਯਾਦਵ, ਡਿਪਟੀ ਕਮਾਂਡੈਂਟ ਸਰਦਾਰ ਅਮਰਦੀਪ ਸਿੰਘ ਸੰਧੂ ਨੂੰ ਦੋਸ਼ਾਲਾ, ਭਗਵਾਨ ਸ਼੍ਰੀ ਰਾਮ ਦਾ ਸਿਰੋਪਾਓ, ਗਊ ਮਾਤਾ ਦੀ ਤਸਵੀਰ, ਗਊ ਵਿਗਿਆਨ 'ਤੇ ਕਿਤਾਬ ਅਤੇ ਪ੍ਰਾਣਾਯਾਮ 'ਤੇ ਵਿਸ਼ੇਸ਼ ਕਿਤਾਬ ਭੇਟ ਕਰਕੇ ਸਨਮਾਨਿਤ ਕੀਤਾ।

## ਦਸ਼ਮੇਸ਼ ਵਿਦਿਅਕ ਸੰਸਥਾਵਾਂ ਦੇ ਅਰਦਾਸ ਦਿਵਸ ਮੌਕੇ ਐਡਵੋਕੇਟ ਧਾਮੀ ਨੇ ਕੀਤੀ ਸ਼ਮੂਲੀਅਤ

# ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਵਿੱਚ ਹੋਇਆ ਸਲਾਨਾ ਸਮਾਗਮ




**ਚੌਕ ਮਹਿਤਾ 2 ਫਰਵਰੀ,( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਸਮੇਸ਼ ਵਿਦਿਆਕ ਸੰਸਥਾਵਾਂ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਦਸਮੇਸ਼ ਹੈਰਿਟੇਜ਼ ਪਬਲਿਕ ਸਕੂਲ ਅਤੇ ਦਸਮੇਸ਼ ਕਾਲਜ ਫ਼ਾਰ ਵਿਮਨ, ਮਹਿਤਾ ਚੌਕ ਵਿਖੇ ਸਾਲਾਨਾ 'ਅਰਦਾਸ ਦਿਵਸ' ਸਮਾਗਮ ਬੜੀ ਸ਼ਰਧਾ, ਸਤਿਕਾਰ ਅਤੇ ਧਾਰਮਿਕ ਮਾਹੌਲ ਵਿੱਚ ਆਯੋਜਿਤ ਕੀਤਾ ਗਿਆ। ਇਹ ਅਰਦਾਸ ਦਿਵਸ ਵਿਸ਼ੇਸ਼ ਤੌਰ 'ਤੇ ਜਮਾਤ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰਵੀਂ ਦੇ ਬੋਰਡ ਇਮਤਿਹਾਨਾਂ ਵਿੱਚ ਬੈਠ ਰਹੇ ਵਿਦਿਆਰਥੀਆਂ ਦੇ ਬੋਰਡ ਅਤੇ ਸਾਲਾਨਾ ਪ੍ਰੀਖਿਆਵਾਂ ਵਿੱਚ ਬੈਠਣ ਮੌਕੇ ਪ੍ਰਮਾਤਮਾ ਦਾ ਓਟ-ਆਸਰਾ ਲੈਣ ਲਈ ਕਰਵਾਇਆ ਗਿਆ। ਸਮਾਗਮ ਦੀ ਅਗਵਾਈ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਕੀਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਜੀ ਵੱਲੋਂ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਸ਼ਿਰਕਤਕਰਨਗੇ ਕੀਤੀ ਗਈ। ਸਮਾਗਮ ਵਿੱਚ ਗਿਆਨੀ ਸਾਹਿਬ ਸਿੰਘ ਜੀ (ਦਮਦਮੀ ਟਕਸਾਲ) ਨੇ ਬੱਚਿਆਂ ਨੂੰ ਚੰਗੇ ਗੁਣਾਂ ਦੇ ਧਾਰਨੀ ਹੋਣ ਤੇ ਮਨ ਵਿੱਚ ਕਿਸੇ ਤਰ੍ਹਾਂ ਦਾ ਵੀ ਹੰਕਾਰ ਨਾ ਕਰਨ ਬਾਰੇ ਕਿਹਾ। ਉਹਨਾਂ ਨੇ ਬੱਚਿਆਂ ਨੂੰ ਧਾਰਮਿਕ ਅਤੇ ਅਧਿਆਤਮਿਕ ਵਿਦਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਸ੍ਰੀ ਸਹਿਜ ਪਾਠ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਧਾਮੀ ਜੀ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਦਸਮੇਸ਼ ਵਿਦਿਆਕ ਸੰਸਥਾਵਾਂ, ਮਹਿਤਾ ਚੌਕ ਵਿਖੇ ਸਾਲਾਨਾ 'ਅਰਦਾਸ ਦਿਵਸ' ਸਮਾਗਮ ਸ਼ਰਧਾ ਨਾਲ ਆਯੋਜਿਤ

ਐਡਵੋਕੇਟ ਸ: ਹਰਜਿੰਦਰ ਸਿੰਘ ਜੀ ਧਾਮੀ ਨੇ ਆਪਣੇ ਵਿਚਾਰ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਖੇਤਰ ਵਿੱਚ ਮਿਹਨਤ, ਅਨੁਸ਼ਾਸਨ ਅਤੇ ਧਰਮ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ ਅਤੇ ਕਿਹਾ ਕਿ ਅਸੀਂ ਆਤਮਿਕ ਮਜ਼ਬੂਤੀ ਅਤੇ ਲਗਨ ਨਾਲ ਜੀਵਨ ਦੇ ਹਰ ਖੇਤਰ ਵਿੱਚ ਸਫਲਤਾ ਹਾਸਲ ਕਰ ਸਕਦੇ ਹਾਂ ਉਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਿਦਿਆ ਦੇ ਨਾਲ ਨਾਲ ਸਾਨੂੰ ਗੁਰਬਾਣੀ ਦਾ ਜਾਪ ਵੀ ਕਰਨਾ ਚਾਹੀਦਾ ਹੈ।

ਇਸ ਮੌਕੇ ਸੰਸਥਾ ਦੇ ਚੇਅਰਮੈਨ ਸ: ਗੁਰਦੀਪ ਸਿੰਘ ਰੰਧਾਵਾ ਅਤੇ ਮੈਨੇਜਰ ਸ: ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਐਡਵੋਕੇਟ ਸ: ਹਰਜਿੰਦਰ ਸਿੰਘ ਜੀ ਧਾਮੀ ਜੀ ਦਾ ਵਿਸ਼ੇਸ਼ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਅਤੇ ਆਈਆਂ ਹੋਈਆਂ ਧਾਰਮਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਹਾਜ਼ਰ ਸੰਗਤ ਲਈ ਗੁਰੂ ਕੇ ਲੰਗਰ ਦੀ ਸੇਵਾ ਸ਼ਰਧਾ ਨਾਲ ਨਿਭਾਈ ਗਈ। ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਤੋਂ ਇਲਾਵਾ ਸ: ਅਵਤਾਰ ਸਿੰਘ ਬੁੱਟਰ (ਮੈਂਬਰ ਚੀਫ਼ ਖ਼ਾਲਸਾ ਦੀਵਾਨ), ਸ: ਕੁਲਬੀਰ ਸਿੰਘ ਮਾਨ, ਪ੍ਰਿੰ: ਤੇਜਬੀਰ ਸਿੰਘ ਸੋਹਲ, ਪ੍ਰਿੰ: ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰ: ਕੁਲਵੰਤ ਸਿੰਘ ਕੋਹਾੜ, ਮੈਡਮ ਗੁਰਬੀਰ ਕੌਰ, ਮੈਡਮ ਰਵਿੰਦਰ ਕੌਰ, ਸਰ ਅੰਮ੍ਰਿਤਪਾਲ ਸਿੰਘ ਸਮੇਤ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਬਜਟ ਵਿਚ ਕੇਂਦਰ ਨੇ ਪੰਜਾਬ ਨੂੰ ਅਣਗੌਲਿਆ ਕੀਤਾ : ਚੇਅਰਮੈਨ ਘੁੱਲੀ

**ਸੰਗਾਲਾ ( ਰਣਜੀਤ ਸਿੰਘ ਪੇਧਨੀ )**-ਆਪ ਦੇ ਸੀਨੀਅਰ ਆਗੂ, ਮੁੱਖ ਮੰਤਰੀ ਕੈਂਪਸ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕਿਹਾ ਹੈ ਕਿ ਇਸ ਬਜਟ ਵਿਚ ਕੇਂਦਰ ਨੇ ਪੰਜਾਬ ਨੂੰ ਬਿਲਕੁਲ ਅਣਗੌਲਿਆ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ ਪੰਜਾਬ ਦੀਆਂ ਉਮੀਦਾਂ ਤੇ ਖਰਾ ਉਤਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ। ਬਜਟ ਵਿਚ ਕਿਸਾਨਾਂ ਲਈ ਐੱਮਐੱਸਪੀ ਦੀ ਕੋਈ ਗਾਰੰਟੀ ਨਹੀਂ, ਨੌਜਵਾਨਾਂ ਲਈ ਰੁਜ਼ਗਾਰ ਦਾ ਕੋਈ ਭਰੋਸਾ ਨਹੀਂ ਅਤੇ ਉਦਯੋਗਾਂ ਜਾਂ ਟੈਕਸ ਪ੍ਰਣਾਲੀ ਵਿਚ ਕੋਈ ਰਾਹਤ ਨਹੀਂ ਦਿੱਤੀ ਗਈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਪੰਜਾਬ ਨੂੰ ਵਾਰ-ਵਾਰ ਅਣਗੌਲਿਆ ਕਰ ਰਹੀ ਹੈ, ਉੱਥੇ ਸੀਐੱਮ ਮਾਨ ਦੀ ਅਗਵਾਈ ਵਿਚ ਆਪ ਸਰਕਾਰ ਪੰਜਾਬ ਦੇ ਲੋਕਾਂ ਨਾਲ ਇੱਕਜੁੱਟ ਹੋ ਕੇ ਸੂਬੇ ਨੂੰ ਆਪਣੇ ਦਮ ਤੇ ਆਰਥਿਕ ਤੌਰ ਤੇ ਮਜ਼ਬੂਤ ਬਣਾਉਣ ਲਈ ਦ੍ਰਿੜ ਸੰਕਲਪ ਹੈ। ਇਹ ਆਪ ਸਰਕਾਰ ਦੀ ਲੋਕ-ਪੱਖੀ ਸੋਚ ਅਤੇ ਪੰਜਾਬੀਆਂ ਪ੍ਰਤੀ ਵਚਨਬੱਧਤਾ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਹਾਲ ਹੀ ਵਿਚ ਸਿਹਤ ਬੀਮਾ ਯੋਜਨਾ ਸ਼ੁਰੂ ਕਰਕੇ ਹਰ ਇਕ ਵਰਗ ਦਾ ਮਨ ਜਿੱਤਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਮਾਨ ਸਰਕਾਰ ਦੀ ਬਦਲਾਖੋਰੀ ਵਾਲੀ ਮਾਨਸਿਕਤਾ ਦਾ ਪਰਦਾਫਾਸ਼, ਸੁਪਰੀਮ ਕੋਰਟ ਵਲੋਂ ਮਜੀਠੀਆ ਨੂੰ ਜ਼ਮਾਨਤ ਦੇਣਾ ਸਵਾਗਤਯੋਗ: ਸਰਨਾ

**ਨਵੀਂ ਦਿੱਲੀ, 2 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਦੇ ਅਕਾਲੀ ਮੁਖੀ ਪਰਮਜੀਤ ਸਿੰਘ ਸਰਨਾ ਨੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕੀਤਾ ਹੈ, ਇਸਨੂੰ ਪੰਜਾਬ ਵਿੱਚ ਆਮ ਆਦਮੀ ਪਾਰਟੀ ਸਰਕਾਰ ਦੁਆਰਾ ਲੰਬੇ ਸਮੇਂ ਤੋਂ ਚੱਲ ਰਹੇ ਰਾਜਨੀਤਿਕ ਜਾਦੂ-ਟੂਣੇ ਵਜੋਂ ਦੱਸੇ ਗਏ ਇੱਕ ਸਬੂਤ ਵਜੋਂ ਦਰਸਾਇਆ ਹੈ। ਜਾਰੀ ਕੀਤੇ ਇੱਕ ਬਿਆਨ ਵਿੱਚ, ਸਰਨਾ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਆਦੇਸ਼ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ "ਬਦਲਾਖੋਰੀ ਵਾਲੀ ਮਾਨਸਿਕਤਾ" ਦਾ ਪਰਦਾਫਾਸ਼ ਕੀਤਾ ਹੈ, ਜਿਨ੍ਹਾਂ ਨੇ ਦੋਸ਼ ਲਗਾਇਆ ਕਿ ਰਾਜਨੀਤਿਕ ਬਦਲਾ ਲੈਣ ਲਈ ਜਾਂਚ ਏਜੰਸੀਆਂ ਦੀ ਦੁਰਵਰਤੋਂ ਕੀਤੀ ਸੀ। ਸੁਪਰੀਮ ਕੋਰਟ ਨੇ ਇੱਕ ਵਾਰ ਫਿਰ ਦਿਖਾਇਆ ਹੈ ਕਿ ਸੱਚਾਈ ਨੂੰ ਪ੍ਰੇਰਿਤ ਐਫਆਈਆਰ ਅਤੇ ਮੀਡੀਆ ਟਰਾਇਲਾਂ ਹੇਠ ਦੱਬਿਆ ਨਹੀਂ ਜਾ ਸਕਦਾ। ਸਰਨਾ ਨੇ ਕਿਹਾ ਬਿਕਰਮ ਸਿੰਘ ਮਜੀਠੀਆ ਨੂੰ ਦਿੱਤੀ ਗਈ ਜ਼ਮਾਨਤ ਸ਼੍ਰੋਮਣੀ ਅਕਾਲੀ ਦਲ ਦੀ ਪਹਿਲੇ ਦਿਨ ਤੋਂ ਹੀ ਇਹ ਗੱਲ ਪੁਸ਼ਟੀ ਕਰਦੀ ਹੈ ਕਿ ਇਹ ਮਾਮਲਾ ਸਬੂਤਾਂ ਤੋਂ ਨਹੀਂ, ਸਗੋਂ ਰਾਜਨੀਤਿਕ ਬਦਲਾਖੋਰੀ ਤੋਂ ਪ੍ਰੇਰਿਤ ਸੀ । ਉਨ੍ਹਾਂ ਨੇ ਮਾਨ ਸਰਕਾਰ 'ਤੇ ਦੋਸ਼ ਲਗਾਇਆ ਕਿ ਉਹ ਇੱਕ ਦਹਾਕੇ ਪੁਰਾਣੇ ਸਮੇਂ ਨੂੰ ਇੱਕ ਨਵੇਂ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਘਸੀਟ ਰਹੀ ਹੈ ਤਾਂ ਜੋ ਇੱਕ ਮੁੱਖ ਵਿਰੋਧੀ ਆਗੂ ਨੂੰ ਸਲਾਖਾਂ ਪਿੱਛੇ ਰੱਖਿਆ ਜਾ ਸਕੇ। ਜਦੋਂ ਕਥਿਤ ਜਾਂਚ ਦੀ ਮਿਆਦ 2007 ਤੋਂ 2017 ਤੱਕ ਦੀ ਹੁੰਦੀ ਹੈ ਅਤੇ ਐਫਆਈਆਰ 2025 ਵਿੱਚ ਦਰਜ ਹੁੰਦੀ ਹੈ, ਤਾਂ ਇਰਾਦਾ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਜਾਣਬੁਝ ਕੇ ਪਰੇਸ਼ਾਨੀ ਖੜੇ ਕੀਤੇ ਜਾਣ ਬਾਰੇ ਸੀ, ਨਿਆਂ ਬਾਰੇ ਨਹੀਂ। ਸਰਨਾ ਨੇ ਮਜੀਠੀਆ ਨੂੰ ਪਹਿਲਾਂ ਹੀ ਐਨਡੀਪੀਐਸ ਕੇਸ ਵਿੱਚ ਜ਼ਮਾਨਤ ਮਿਲਣ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ ਸੁਪਰੀਮ ਕੋਰਟ ਨੇ ਸੂਬੇ ਦੀ ਚੁਣੌਤੀ ਨੂੰ ਖਾਰਜ ਕਰ ਦਿੱਤਾ ਸੀ। ਉਨ੍ਹਾਂ ਕਿਹਾ ਵਾਰ-ਵਾਰ ਝਟਕਿਆਂ ਦੇ ਬਾਵਜੂਦ, ਪੰਜਾਬ ਸਰਕਾਰ ਨੇ ਜ਼ਬਰਦਸਤੀ ਕਾਰਵਾਈ ਜਾਰੀ ਰੱਖਣ ਦੀ ਚੋਣ ਕੀਤੀ ਅਤੇ ਚਾਰਜਸ਼ੀਟ ਦਾਇਰ ਕਰਨ ਤੋਂ ਬਾਅਦ ਦੇ ਸੱਤ ਮਹੀਨਿਆਂ ਦੀ ਹਿਰਾਸਤ, ਰਾਜਨੀਤੀ ਬਾਰੇ ਬਹੁਤ ਕੁਝ ਦੱਸਦੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਢੱਡੇ ਪਿੰਡ ਦੀ ਪੰਚਾਇਤ ਨਗਰ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਨਹੀਂ ਛੱਡੇਗੀ, ਨੰਬਰਦਾਰ ਲਖਬੀਰ ਸਿੰਘ-ਮੈਂਬਰ ਪੰਚਾਇਤ ਕਸ਼ਮੀਰ ਸਿੰਘ



**ਚੌਕ ਮਹਿਤਾ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮਜੀਠੇ ਹਲਕੇ ਦੇ ਅਧੀਨ ਆਉਂਦੇ ਪਿੰਡ ਢੱਡੇ ਵਿਖੇ ਧੰਨਾ ਸਿੰਘ ਦੀ ਅਗਵਾਈ ਵਿੱਚ ਵਿਕਾਸ ਕਾਰਜਾਂ ਦੀਆਂ ਝੜੀਆਂ ਲੱਗੀਆਂ ਹੋਈਆਂ ਨੇ, ਇਹਨਾਂ ਗੱਲਾਂ ਦਾ ਪ੍ਰਗਟਾਵਾ ਨੰਬਰਦਾਰ ਲਖਬੀਰ ਸਿੰਘ ਬਾਊ ਅਤੇ 1 ਇਕ ਨੰਬਰ ਵਾਰਡ ਦੇ ਮੈਂਬਰ ਪੰਚਾਇਤ ਕਸ਼ਮੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਜ਼ਿਕਰ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਜੀ ਮਾਨ ਅਤੇ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਦੀ ਅਗਵਾਈ ਵਿੱਚ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਝੁੱਲੀ ਹੋਈ ਹੈ। ਉੱਥੇ ਹੀ ਪਿੰਡ ਢੱਡਿਆਂ ਦੀ ਪੰਚਾਇਤ ਵੱਲੋਂ ਵੀ ਨਗਰ ਦੇ ਵੱਖ-ਵੱਖ ਵਿਕਾਸ ਕਾਰਜਾਂ ਉੱਤੇ ਮੋਹਰ ਲਗਾ ਕੇ ਵੱਖ ਵੱਖ ਵਾਰਡਾ ਦੇ ਕੰਮ ਕੀਤੇ ਜਾ ਰਹੇ ਨੇ, ਅਤੇ ਪੰਜਾਬ ਸਰਕਾਰ ਵੱਲੋਂ ਸ਼ੁੱਧ ਪਾਣੀ ਵਾਲੀ ਸਹੂਲਤ ਦੀ ਪਹਿਲ ਕਰਦਿਆਂ ਢੱਡਿਆਂ ਦੀ ਪੰਚਾਇਤ ਵੱਲੋਂ ਪਿੰਡ ਦੇ ਗੁਰੂ ਘਰਾਂ ਵਿੱਚ ਸਰਕਾਰ ਵੱਲੋਂ ਚਲਾਈ ਸਕੀਮ ਲੋਕਾਂ ਤੱਕ ਪਹੁੰਚਾ ਰਹੀ ਹੈ, ਇਸ ਮੌਕੇ, ਗ੍ਰਾਮ ਸਭਾ ਦੇ ਪ੍ਰਧਾਨ ਮਨਜੀਤ ਸਿੰਘ, ਕੇਵਲ ਸਿੰਘ ਦੋਧੀ, ਅਮਰਜੀਤ ਸਿੰਘ, ਗੁਰਦੁਆਰਾ ਕਾਂਸ਼ੀ ਸਾਹਿਬ ਦੇ ਗ੍ਰੰਥੀ, ਬਾਬਾ ਸੁਖਰਾਜ ਸਿੰਘ, ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

350 ਸਾਲਾਂ ਨੌਵੇਂ ਪਾਤਸ਼ਾਹ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਦਿਹਾੜਾ ਜੋੜ ਮੇਲੇ ਨੂੰ ਸਮਰਪਿਤ ਪੰਜ ਪਿਆਰਿਆਂ ਦੀ ਅਗਵਾਈ 'ਚ

# ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ : ਜਥੇ ਸੁਖਪਾਲ ਸਿੰਘ ਫੂਲ ਬਠਿੰਡਾ



**ਜੰਡਿਆਲਾ ਗੁਰੂ 2 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਨਗਰ ਕੀਰਤਨ ਗੁਰਦੁਆਰਾ ਵਿਵੇਕਸਰ ਸਾਹਿਬ ਭਾਈ ਰੂਪਾ ਰੋੜ ਫੂਲ ਬਠਿੰਡਾ ਤੋਂ ਪੰਜ ਪਿਆਰਿਆਂ ਦੀ ਅਗਵਾਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਰਵਾਨਾ ਹੋਇਆ ਜੋ ਗੁਰਦੁਆਰਾ ਭਗਤ ਰਵਿਦਾਸ ਜੀ ਰਾਮਪੁਰਾ ਫੂਲ, ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਰਾਮਪੁਰਾ ਫੂਲ, ਗੁਰਦੁਆਰਾ ਅਕਾਲਗੜ੍ਹ ਸਾਹਿਬ, ਗੁਰਦੁਆਰਾ ਰਾਮਪੁਰਾ ਫੂਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਮਪੁਰਾ ਤੋਂ ਇਲਾਵਾ ਸਮੂਹ ਰਾਮਪੁਰਾ ਫੂਲ ਪਿੰਡ ਆਦਿ ਗੁਰਦੁਆਰਿਆਂ 'ਚ ਨਤਮਸਤਕ ਹੋਣ ਤੋਂ ਉਪਰੰਤ ਵਾਪਸ ਗੁਰਦੁਆਰਾ ਵਿਵੇਕਸਰ ਸਾਹਿਬ ਛਾਉਣੀ ਨਿਹੰਗ ਸਿੰਘਾਂ ਭਾਈ ਰੂਪਾ ਰੋੜ ਰਾਮਪੁਰਾ ਫੂਲ ਪਹੁੰਚਿਆ ਅਤੇ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ ਨਗਰ ਕੀਰਤਨ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵੱਲੋਂ ਵਿਸ਼ੇਸ਼ ਤੌਰ ਤੇ ਸੀਰੀ ਪਾਓ ਅਤੇ ਗੁਰੂ ਸਾਹਿਬਾਂ ਨੂੰ ਰੁਮਾਲੇ ਸਾਹਿਬ ਭੇਟ ਕੀਤੇ ਗਏ ਅਤੇ ਸੰਗਤਾਂ ਨੂੰ ਚਾਹ ਪਕੌੜੇ ਬਿਸਕੁਟ ਤੇ ਹੋਰ ਨਾਨਾ ਪ੍ਰਕਾਰ ਦੇ ਫਲ ਫਰੂਟਾਂ ਨਾਲ ਸੇਵਾ ਕੀਤੀ ਗਈ,ਨਗਰ ਕੀਰਤਨ ਵਿੱਚ ਵੱਖ ਵੱਖ ਸਿਆਸੀ ਧਾਰਮਿਕ ਤੇ ਸਮਾਜਿਕ ਆਗੂ ਸ਼ਾਮਲ ਹੋਏ ਜਿਸ ਵਿਚ ਵਿਸ਼ੇਸ਼ ਤੌਰ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸ੍ਰ ਸਕੱਦਰ ਸਿੰਘ ਮਲੂਕਾ, ਸ੍ਰ ਜਗਦੀਪ ਸਿੰਘ ਐਮ ਸੀ, ਸਹਾਰਾ ਕਲੱਬ ਦੇ ਆਗੂ, ਸੁੰਦਰੀ ਕਰਨ ਕਮੇਟੀ ਦੇ ਆਗੂ, ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਭਜੋਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਬਾ ਗੁਰਵਿੰਦਰ ਸਿੰਘ,ਜਸਨ ਸਿੰਘ ਕੋਹਲੀ ਆਦਿ ਤੋਂ ਇਲਾਵਾ ਬਹੁਤ ਸਾਰੇ ਧਾਰਮਿਕ ਸਿਆਸੀ ਅਤੇ ਸਮਾਜਿਕ ਆਗੂਆਂ ਨੇ ਹਾਜ਼ਰੀ ਲਵਾਈ ਤੇ ਗੁਰੂ ਸਾਹਿਬਾਨਾ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ, ਮੁੱਖ ਪ੍ਰਬੰਧਕ ਜਥੇਦਾਰ ਬਾਬਾ ਸੁਖਪਾਲ ਸਿੰਘ ਮੁਖੀ ਮਾਲਵਾ ਤਰਨਾ ਦਲ ਬਾਬਾ ਸੰਗਤ ਸਿੰਘ ਜੀ ਨੇ ਨਗਰ ਕੀਰਤਨ ਵਿੱਚ ਵਿਸ਼ੇਸ਼ ਸ਼ਾਮਲ ਹੋਣ ਵਾਲੀਆਂ ਸਨਮਾਨ ਯੋਗ ਹਸਤੀਆਂ ਤੋਂ ਇਲਾਵਾ ਪੰਜ ਪਿਆਰੇ ਸਾਹਿਬਾਨ,ਨਿਸਾਨਨੀ, ਕੀਰਤਨੀ ਜੱਥੇ, ਗਤਕਾ ਪਾਰਟੀਆਂ, ਬੈਂਡ ਵਾਜਿਆਂ ਤੇ ਨਗਰ ਕੀਰਤਨ ਵਿੱਚ ਲੰਗਰ ਦੀਆਂ ਸੇਵਾਵਾਂ ਕਰਨ ਤੇ ਰੁਮਾਲੇ ਸਹਿਬ ਭੇਂਟ ਕਰਨ ਵਾਲਿਆਂ ਦਾ ਸਨਮਾਨ ਕੀਤਾ ਗਿਆ ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਅਤੇ ਪ੍ਰੈਸ ਸੈਕਟਰੀ ਮਾਲਵਾ ਤਰਨਾ ਦਲ ਬਾਬਾ ਸੰਗਤ ਸਿੰਘ ਨੇ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਭਾਈ ਖਾਲਸਾ ਨੇ ਦੱਸਿਆ ਨਗਰ ਕੀਰਤਨ ਦੀ ਸਮਾਪਤੀ ਉਪਰੰਤ ਜਥੇਦਾਰ ਬਾਬਾ ਸੁਖਪਾਲ ਸਿੰਘ ਮੁਖੀ ਮਾਲਵਾ ਤਰਨਾ ਦਲ ਜੀ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਕੱਲ ਨੂੰ ਗੁਰਮਤਿ ਸਮਾਗਮ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

ਮੋਦੀ ਸਰਕਾਰ ਵੱਲੋਂ ਭਾਰਤ ਤੇ ਭਾਰਤ ਵਾਸੀਆਂ ਦੇ ਵਿਕਾਸ, ਤਰੱਕੀ ਤੇ

# ਖ਼ੁਸ਼ਹਾਲੀ ਵਾਲਾ ਬਜਟ ਪੇਸ਼ ਕੀਤਾ: ਬੱਲ ਮਲਕੀਤ ਸਿੰਘ



**ਚੌਂਕ ਮਹਿਤਾ,2 ਫ਼ਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਵੱਲੋਂ ਪੇਸ਼ ਕੀਤੇ ਬਜਟ ਤੇ ਚਰਚਾ ਕਰਦੇ ਹੋਏ ਬੱਲ ਮਲਕੀਤ ਸਿੰਘ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਾਲੀ ਕੇਂਦਰ ਦੀ ਐਨ ਡੀ ਏ. ਸਰਕਾਰ ਦਾ ਇਹ ਬਜ਼ਟ ਦੇਸ਼ ਤੇ ਦੇਸ਼ ਵਾਸੀਆਂ ਲਈ ਵਿਕਾਸ, ਤਰੱਕੀ ਤੇ ਖੁਸ਼ਹਾਲੀ ਵਾਲਾ ਬਜ਼ਟ ਹੈ ਪੇਸ਼ ਕੀਤਾ ਹੈ। ਇਸ ਬਜ਼ਟ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੇ ਸਲਾਹ ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਵੱਲੋਂ ਬਜ਼ਟ ਨੂੰ ਕਿਸਾਨ, ਨੌਜਵਾਨ, ਮਜ਼ਦੂਰ, ਵਪਾਰੀ ਤੇ ਔਰਤਾਂ ਲਈ ਲਾਭਦਾਇਕ ਬਣਾਉਣ ਦਾ ਪੁਰਜ਼ੋਰ ਕੰਮ ਕੀਤਾ ਤੇ ਵੱਡੇ ਉਦਯੋਗ ਲੱਗਣਗੇ ਜਿਸ ਨਾਲ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਸੂਬਾ ਸਰਕਾਰਾਂ ਨੂੰ ਵੱਧ ਮਾਲੀਆ ਮਿਲੇਗਾ ਤੇ ਦੇਸ਼ ਤੇ ਦੇਸ਼ ਵਾਸੀ ਤਰੱਕੀ ਕਰਨਗੇ ਬੱਲ ਮਲਕੀਤ ਸਿੰਘ ਨੇ ਮੌਜੂਦਾ ਵਿਸ਼ਵ ਆਰਥਿਕ ਚੁਣੌਂਤੀਆ ਦੇ ਦੌਰ ਵਿੱਚ ਦੇਸ਼ ਨੂੰ ਆਰਥਿਕ ਸਥਿਰਤਾ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਲਗਾਤਾਰ 9 ਵੀ ਵਾਰ ਦੇਸ਼ ਦਾ ਬਜਟ ਪੇਸ਼ ਕਰਕੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਰਕਾਰ ਦੀ ਨੀਤੀ ਅਤੇ ਦ੍ਰਿਸ਼ਟੀ ਕਰਨ ਦਾ ਪ੍ਰਦਰਸ਼ਨ ਕੀਤਾ ਹੈ ਇਹ ਬਜਟ ਪ੍ਰਧਾਨ ਮੰਤਰੀ ਦੇ ਸਬਕਾ ਸਾਥ ਸਬਕਾ ਵਿਕਾਸ ਦੇ ਮੁੱਖ ਮੰਤਰ ਨੂੰ ਪੂਰੀ ਤਰ੍ਹਾਂ ਦਰਸਾਉਂਦਾ ਹੈ ।

# ਕੇਂਦਰ ਦੀ ਸਰਕਾਰ ਦਾ ਬਜਟ ਇੱਕ ਵਾਰ ਫਿਰ ਪੰਜਾਬ ਦੀਆ ਉਮੀਦਾਂ ਤੇ ਖਰਾ ਨਹੀ ਉਤਰਿਆ: ਚੈਅਰਮੈਨ ਟ੍ਰੇਡਰਜ ਕਮਿਸ਼ਨ ਰੰਧਾਵਾ ਜਲਾਲ ਉਸ਼ਮਾ



**ਚੌਂਕ ਮਹਿਤਾ, 2 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਕੇਂਦਰ ਸਰਕਾਰ ਦਾ ਬਜਟ ਇੱਕ ਵਾਰ ਫਿਰ ਪੰਜਾਬ ਦੀਆਂ ਉਮੀਦਾਂ 'ਤੇ ਖਰ੍ਹਾ ਨਹੀਂ ਉਤਰਿਆ। ਇਹਨਾਂ ਸਬਦਾਂ ਦਾ ਪ੍ਰਗਟਾਵਾ ਚੈਅਰਮੈਨ ਰੰਧਾਵਾ ਟ੍ਰੇਡਰਜ ਕਮਿਸ਼ਨ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਕੀਤਾ।ਉਹਨਾਂ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਨੇ ਪੰਜਾਬ ਨਾਲ ਹਮੇਸ਼ਾ ਵਿਤਕਰਾ ਕੀਤਾ ਹੈ ਅਤੇ ਇੱਕ ਵਾਰ ਫਿਰ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਨਾਲ ਮਤਰਾਈ ਮਾਂ ਵਾਲਾ ਸਲੂਕ ਕਰਦੇ ਰੱਖਿਆ ਹੈ। ਉਹਨਾਂ ਕਿਹਾ ਕਿ ਇਸ ਬਜਟ ਵਿੱਚ ਨਾ ਕਿਸਾਨਾਂ ਲਈ ਅਤੇ ਨਾ ਹੀ ਨੌਜਵਾਨਾਂ ਲਈ ਰੁਜਗਾਰ ਅਤੇ ਉਦਯੋਗ ਤੇ ਟੈਕਸ 'ਚ ਵੀ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਦਿੱਤੀ ਗਈ। ਪੰਜਾਬ ਦੀ ਆਰਥਿਕ ਮਜਬੂਤੀ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੰਜਾਬ ਅਤੇ ਪੰਜਾਬੀਆਂ ਨਾਲ ਮਤਰਿਆ ਸਲੂਕ ਕੀਤਾ ਗਿਆ। ਪੰਜਾਬ ਦੇ ਲੋਕ ਬਹੁਤ ਮਿਹਨਤਕਸ਼ ਤੇ ਜਨੂੰਨੀ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿੱਖ ਰਿਕਵਰੀ ਨੈੱਟਵਰਕ ਯੂਕੇ ਵਲੋਂ ਨਟਿੰਘਮਸਹਿਰ ਵਿਖ਼ੇ ਸਿੱਖ ਰਿਟਰੀਟ ਵਰਕਸ਼ਾਪ 19 ਫਰਵਰੀ ਤੋਂ 22 ਫਰਵਰੀ ਤਕ ਹੋਵੇਗੀ




ਨਵੀਂ ਦਿੱਲੀ 2 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਰਿਕਵਰੀ ਨੈੱਟਵਰਕ ਯੂਕੇ ਵਲੋਂ ਸੰਸਥਾ ਦੀ 10ਵੀ ਵਰੇਗੰਢ ਮੌਕੇ ਸਿੱਖੀ ਅਤੇ ਰਿਕਵਰੀ ਵਰਕਸ਼ਾਪ ਅਤੇ ਸ਼ਰਾਬ ਅਤੇ ਪਦਾਰਥਾਂ ਦੀ ਲਤ ਤੋਂ ਛੁਟਕਾਰਾ ਪਾਉਣ ਲਈ ਨਟਿੰਘਮਸਹਿਰ ਵਿਖ਼ੇ 19 ਫਰਵਰੀ ਤੋਂ 22 ਫਰਵਰੀ ਤਕ 4 ਦਿਨਾਂ ਦੀ ਰਿਟਰੀਟ ਕਰਵਾਈ ਜਾ ਰਹੀ ਹੈ ਇਹ ਰਿਟਰੀਟ ਇਸ ਤੋਂ ਅਲਾਵਾ ਹੋਰ ਏਕਟਿਵਿਟੀਆਂ ਰਾਹੀਂ ਬਹੁਤ ਕੁਝ ਕਵਰ ਕਰਦੀ ਹੈ। ਇਸ ਬਾਰੇ ਗੱਲਬਾਤ ਕਰਦਿਆਂ ਸਿੱਖ ਰਿਕਵਰੀ ਨੈੱਟਵਰਕ ਯੂਕੇ ਦੇ ਮੁੱਖੀ ਜਸਵਿੰਦਰ ਸਿੰਘ ਨੇ ਦਸਿਆ ਕਿ ਸਾਡੇ 4-ਦਿਨਾਂ ਸਿੱਖ ਰਿਕਵਰੀ ਰੀਟਰੀਟ ਨਾਲ ਆਪਣੀ ਸੰਜਮ ਦੀ ਯਾਤਰਾ ਨੂੰ ਸਸ਼ਕਤ ਬਣਾਓ। ਆਪਣੇ ਆਪ ਨੂੰ ਸਮਾਨ ਸੋਚ ਵਾਲੇ ਵਿਅਕਤੀਆਂ ਨਾਲ ਘਿਰੇ ਇੱਕ ਸਹਾਇਕ ਵਾਤਾਵਰਣ ਵਿੱਚ ਲੀਨ ਕਰੋ ਅਤੇ ਇੱਕ ਪਰਿਵਰਤਨਸ਼ੀਲ ਅਨੁਭਵ 'ਤੇ ਜਾਓ। ਇਸ ਰਿਟਰੀਟ ਵਿਚ ਵਿਸ਼ੇਸ਼ ਮਾਹਰਾਂ ਦੇ ਮਾਰਗਦਰਸ਼ਨ, ਆਤਮ- ਨਿਰਭਰ ਅਭਿਆਸਾਂ ਅਤੇ ਵਿਹਾਰਕ ਸਾਧਨਾਂ ਨਾਲ, ਤੁਸੀਂ ਸ਼ਰਾਬ ਦੀ ਲਤ ਨੂੰ ਦੂਰ ਕਰਨ ਅਤੇ ਰਿਕਵਰੀ ਵਿੱਚ ਇੱਕ ਸੰਪੂਰਨ ਜੀਵਨ ਪੈਦਾ ਕਰਨ ਦੇ ਕਦਮ ਸਿੱਖੋਗੇ। ਪ੍ਰੋਗਰਾਮ ਦੇ ਪੂਰਕ ਵਜੋਂ, ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਤੁਹਾਡੀ ਯਾਤਰਾ ਨੂੰ ਹੋਰ ਵਧਾਉਣ ਲਈ ਏਕੀਕ੍ਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਸਵੈ-ਖੋਜ, ਵਿਕਾਸ ਅਤੇ ਨਵੀਨੀਕਰਨ ਦੀ ਯਾਤਰਾ ਲਈ ਸਾਡੇ ਨਾਲ ਜੁੜੋ, ਅਤੇ ਸਥਾਈ ਤਬਦੀਲੀ ਵੱਲ ਪਹਿਲਾ ਕਦਮ ਚੁੱਕੋ । ਉਨ੍ਹਾਂ ਦਸਿਆ ਸਿੱਖ ਰਿਕਵਰੀ ਨੈੱਟਵਰਕ ਨੇ ਸ਼ੇਅਰ ਚੈਰਿਟੀ ਯੂਕੇ ਅਤੇ ਨੈਸ਼ਨਲ ਸਿੱਖ ਪੁਲਿਸ ਐਸੋਸੀਏਸ਼ਨ ਦੇ ਨਾਲ ਮਿਲ ਕੇ ਜਨਵਰੀ 2023 ਵਿੱਚ ਪਹਿਲਾ ਅਭਿਆਸ ਕੈਂਪ ਸਿੱਖੀ 12 ਸਟੈਪਸ ਵਰਕਸ਼ਾਪ ਦਾ ਪ੍ਰਬੰਧ ਕੀਤਾ ਸੀ ਜੋ ਕਿ ਇੱਕ ਬਹੁਤ ਵੱਡੀ ਸਫਲਤਾ ਸੀ। ਸਿੱਖ ਰਿਕਵਰੀ ਰੀਟਰੀਟ ਉਨ੍ਹਾਂ ਵੱਖ-ਵੱਖ ਸਮਾਗਮਾਂ ਦੇ ਹਿੱਸੇ ਵਜੋਂ ਅਗਲਾ ਨਵਾਂ ਉਪਰਾਲਾ ਕੀਤਾ ਗਿਆ ਹੈ ਜੋ ਅਸੀਂ ਰਿਕਵਰੀ ਮਾਰਗ 'ਤੇ ਚੱਲਣ ਵਾਲਿਆਂ ਦੀ ਮਦਦ ਕਰਨ ਲਈ ਆਯੋਜਿਤ ਕਰ ਰਹੇ ਹਾਂ। ਤਿੰਨੋਂ ਸੰਗਠਨ ਇਸ ਰਿਟਰੀਟ ਨੂੰ ਸ਼ੁਰੂ ਕਰਨ ਲਈ ਦੁਬਾਰਾ ਇਕੱਠੇ ਹੋਏ ਹਨ। ਇਹ ਹੁਣ 10ਵਾਂ ਰਿਟਰੀਟ ਹੈ। ਇਹ ਰਿਟਰੀਟ ਵਿਅਕਤੀਆਂ ਨੂੰ ਵਰਕਸ਼ਾਪਾਂ ਰਾਹੀਂ ਸ਼ਰਾਬ ਦੀ ਲਤ ਨੂੰ ਦੂਰ ਕਰਨ ਲਈ ਲੋੜੀਂਦੇ ਸਾਧਨ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ, ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਰਿਕਵਰੀ ਲਈ ਇੱਕ ਮਜ਼ਬੂਤ ਢਾਂਚੇ ਦੇ ਨਾਲ ਏਕੀਕਰਨ ਦੁਆਰਾ ਉਨ੍ਹਾਂ ਦੀ ਰਿਕਵਰੀ ਯਾਤਰਾ ਨੂੰ ਵਧਾਉਣ ਲਈ ਤਿਆਰ ਕੀਤਾ ਗਿਆ ਹੈ। 4-ਦਿਨਾਂ ਪ੍ਰੋਗਰਾਮ ਵਿੱਚ ਸਹਾਇਤਾ ਅਤੇ ਮਾਰਗਦਰਸ਼ਨ, ਆਤਮ-ਨਿਰੀਖਣ ਅਭਿਆਸ, ਵਿਹਾਰਕ ਸਾਧਨ ਅਤੇ ਬਹੁਤ ਸਾਰੇ ਹਲਕੇ-ਫੁਲਕੇ ਮਨੋਰੰਜਨ ਸ਼ਾਮਲ ਹਨ। ਸਿੱਖ ਧਰਮ ਦੀਆਂ ਸਿੱਖਿਆਵਾਂ ਵਿਅਕਤੀਆਂ ਨੂੰ ਸ਼ਰਾਬ ਦੀ ਲਤ ਨੂੰ ਦੂਰ ਕਰਨ ਅਤੇ ਰਿਕਵਰੀ ਵਿੱਚ ਇੱਕ ਸੰਪੂਰਨ ਜੀਵਨ ਪੈਦਾ ਕਰਨ ਦੀ ਯਾਤਰਾ ਵਿੱਚ ਸਹਾਇਤਾ ਕਰਦੀਆਂ ਹਨ। ਸਿੱਖ ਰਿਕਵਰੀ ਨੈੱਟਵਰਕ ਦੁਆਰਾ ਜਲਦ ਹੀ ਪੂਰੇ ਵੇਰਵੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਕਿਹਾ ਅਸੀਂ ਹਮੇਸ਼ਾ ਮੌਸਮ ਅਤੇ ਆਲੇ ਦੁਆਲੇ ਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਸਥਾਨਾਂ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ, ਅਤੇ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ।

# ਸ਼੍ਰੋਮਣੀ ਕਮੇਟੀ ਨੇ ਏਆਈ ਤਕਨੀਕ ਦੇ ਮਾਹਿਰਾਂ ਦੀ ਕੀਤੀ ਗਈ ਸਬ-ਕਮੇਟੀ ਗਠਿਤ

## ਸਿੱਖ ਧਰਮ ਦੀ ਮਾਣ-ਮਰਯਾਦਾ ਦੇ ਖਿਲਾਫ਼ ਬਣ ਰਹੀਆਂ ਵੀਡੀਓ ਅਤੇ ਹੋਰ ਸਮੱਗਰੀ 'ਤੇ ਰੋਕ ਲਗਾਉਣ ਲਈ ਕਮੇਟੀ ਕਰੇਗੀ ਕਾਰਜ



**ਨਵੀਂ ਦਿੱਲੀ, 2 ਫ਼ਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਨਾਲ ਸਿੱਖ ਧਰਮ ਦੀ ਮਾਣ-ਮਰਯਾਦਾ ਦੇ ਖਿਲਾਫ਼ ਬਣ ਰਹੀਆਂ ਵੀਡੀਓ ਅਤੇ ਹੋਰ ਸਮੱਗਰੀ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਦੇ ਹੋਏ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਏਆਈ ਇੰਟਰਨੈੱਟ ਖੇਤਰ ਵਿਚ ਤਜ਼ਰਬਾ ਰੱਖਣ ਵਾਲੇ ਮਾਹਿਰਾਂ ਦੀ ਸਬ-ਕਮੇਟੀ ਗਠਿਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀਆਂ ਵੀਡੀਓ ਅਤੇ ਹੋਰ ਸਮੱਗਰੀ ਸੋਸ਼ਲ ਮੀਡੀਆ 'ਤੇ ਲਗਾਤਾਰ ਵਧ ਰਹੀ ਹੈ, ਜਿਸ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਵੱਲੋਂ ਇਸ ਖੇਤਰ ਵਿਚ ਕਾਰਜਸ਼ੀਲ ਕਾਨੂੰਨੀ ਤੇ ਮਾਹਿਰ ਸ਼ਖ਼ਸੀਅਤਾਂ 'ਤੇ ਨਿਰਧਾਰਿਤ ਇਕ ਸਬ-ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਸੀ। ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਇਸ ਕਮੇਟੀ 'ਚ ਡਾ. ਹਰਜਿੰਦਰ ਸਿੰਘ ਸੰਧੂ ਅਮਰੀਕਾ, ਸ. ਹਰਮੀਤ ਸ਼ਾਹ ਸਿੰਘ ਯੂਕੇ, ਡਾ. ਸਰਬਜੋਤ ਸਿੰਘ ਯੂਕੇ, ਡਾ. ਸਰਪ੍ਰੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਡਾ. ਗੁਰਪਾਲ ਸਿੰਘ ਖਾਲਸਾ ਕਾਲਜ ਪਟਿਆਲਾ, ਡਾ. ਜਗਦੀਪ ਸਿੰਘ ਮੱਲ੍ਹੀ ਗੁਰੂ ਨਾਨਕ ਇੰਜੀਅਰਿੰਗ ਕਾਲਜ ਲੁਧਿਆਣਾ, ਡਾ. ਸਤਿੰਦਰਪਾਲ ਸਿੰਘ ਗੁਰੂ ਨਾਨਕ ਇੰਜੀਅਨਿੰਗ ਕਾਲਜ ਲੁਧਿਆਣਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਿਸਟਮ ਐਡਮਿਨਸੇਟ੍ਰਰ ਸ. ਕਰਮਵੀਰ ਸਿੰਘ ਹੋਣਗੇ। ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਸਬ-ਕਮੇਟੀ ਏਆਈ ਤਕਨੀਕ ਨਾਲ ਸਿੱਖ ਧਰਮ ਖਿਲਾਫ਼ ਸੋਸ਼ਲ ਮੀਡੀਆ 'ਤੇ ਪ੍ਰਚਾਰੀ ਜਾ ਰਹੀ ਸਮੱਗਰੀ ਨੂੰ ਰੋਕਣ ਲਈ ਏਆਈ ਤਕਨੀਕ ਦੀਆਂ ਪ੍ਰਮੁੱਖ ਕੰਪਨੀਆਂ ਨਾਲ ਵੀ ਰਾਬਤਾ ਬਣਾਉਣ ਲਈ ਕਾਰਜ ਕਰੇਗੀ।

### ਸੀਐੱਸਆਰ ਪਹਲ ਤਹਿਤ ਐਚਐਮਈਐਲ ਵੱਲੋਂ

# ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪਾਂ ਅਤੇ ਟੈਬਲੈਟ ਵੰਡੇ ਗਏ




ਤਲਵੰਡੀ ਸਾਬੋ, 02 ਫਰਵਰੀ (ਗੁਰਜੰਟ ਸਿੰਘ ਨਥੇਹਾ)- ਆਪਣੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਪਹਲ ਤਹਿਤ ਐਚਪੀਸੀਐਲ- ਮਿੱਤਲ ਐਨਰਜੀ ਲਿਮਿਟਡ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜੱਜਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪਾਂ ਅਤੇ ਟੈਬਲੈਟ ਵੰਡੇ ਗਏ। ਇਸ ਪਹਲ ਦਾ ਮਕਸਦ ਡਿਜ਼ੀਟਲ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਅਤੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਇਹ ਸਮਾਗਮ ਸ਼੍ਰੀ ਵਿਸ਼ਵਮੋਹਨ ਪ੍ਰਸਾਦ, ਡੀਜੀਐਮ (ਸੀਐਸਆਰ) ਐਚਐਮਈਐਲ, ਸ਼੍ਰੀ ਹਰਦੀਪ ਸਿੰਘ, ਡਿਪਟੀ ਮੈਨੇਜਰ, ਸ਼੍ਰੀ ਨਵਨੀਤ ਸਿੰਘ, ਸਕੂਲ ਪ੍ਰਿੰਸੀਪਲ, ਸਕੂਲ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਆਯੋਜਿਤ ਕੀਤਾ ਗਿਆ। ਇਸ ਮੌਕੇ 'ਤੇ ਸੰਬੋਧਨ ਕਰਦੇ ਹੋਏ ਸ਼੍ਰੀ ਵਿਸ਼ਵਮੋਹਨ ਪ੍ਰਸਾਦ, ਡੀਜੀਐਮ (ਸੀਐੱਸਆਰ) ਐਚਐਮਈਐਲ, ਨੇ ਕਿਹਾ ਕਿ ਸਿੱਖਿਆ ਇੱਕ ਤਰੱਕੀਸ਼ੀਲ ਸਮਾਜ ਦੀ ਮਜ਼ਬੂਤ ਨੀਂਹ ਹੈ। ਐਚਐਮਈਐਲ ਦੀਆਂ ਸੀਐੱਸਆਰ ਪਹਿਲਾਂ ਰਾਹੀਂ ਅਸੀਂ ਵਿਦਿਆਰਥੀਆਂ ਨੂੰ ਡਿਜ਼ੀਟਲ ਸਾਧਨ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਸਸ਼ਕਤ ਬਣਾਉਣ ਦਾ ਉਦੇਸ਼ ਰੱਖਦੇ ਹਾਂ, ਤਾਂ ਜੋ ਉਹ ਆਪਣੇ ਸ਼ੈਖਸ਼ਿਣਕ ਲਕਸ਼ ਪ੍ਰਾਪਤ ਕਰ ਸਕਣ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ। ਸਕੂਲ ਪ੍ਰਿੰਸੀਪਲ ਸ਼੍ਰੀ ਨਵਨੀਤ ਸਿੰਘ ਨੇ ਐਚਐਮਈਐਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਪਹਲ ਖ਼ਾਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਸਾਬਤ ਹੋਵੇਗੀ। ਐਚਐਮਈਐਲ ਵੱਲੋਂ ਦਿੱਤੀ ਗਈ ਸਹਾਇਤਾ ਨਾਲ ਵਿਦਿਆਰਥੀਆਂ ਦਾ ਆਤਮ-ਵਿਸ਼ਵਾਸ ਵਧੇਗਾ ਅਤੇ ਉਹ ਉੱਚ ਸਿੱਖਿਆ ਵੱਲ ਪ੍ਰੇਰਿਤ ਹੋਣਗੇ। ਸਕਾਲਰਸ਼ਿਪਾਂ ਅਤੇ ਟੈਬਲੈਟ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੇ ਖੁਸ਼ੀ ਜ਼ਾਹਰ ਕੀਤੀ ਅਤੇ ਆਪਣੀ ਮਹਿਨਤ ਅਤੇ ਅਕਾਦਮਿਕ ਉਤਕ੍ਰਿਸ਼ਟਤਾ ਨੂੰ ਮਾਨਤਾ ਦੇਣ ਲਈ ਧੰਨਵਾਦ ਕੀਤਾ। ਇਹ ਪਹਲ ਸਮਾਵੇਸ਼ੀ ਵਿਕਾਸ, ਗੁਣਵੱਤਾਪੂਰਨ ਸਿੱਖਿਆ ਅਤੇ ਸਮੁਦਾਇਕ ਵਿਕਾਸ ਪ੍ਰਤੀ ਐਚਐਮਈਐਲ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖਿਆ, ਖੋਜ ਅਤੇ ਪੇਸ਼ੇਵਰ ਸਿਖਲਾਈ ਨੂੰ ਵਧਾਉਣ ਲਈ

# ਜੀ.ਕੇ.ਯੂ. ਅਤੇ ਆਈ.ਸੀ.ਏ.ਆਈ ਵਿਚਕਾਰ ਦੁਵੱਲਾ ਸਮਝੌਤਾ ਸਹੀਬੱਧ




**ਤਲਵੰਡੀ ਸਾਬੋ, 02 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਅਕਾਦਮਿਕ ਅਤੇ ਪੇਸ਼ੇਵਰ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਆਈ.ਸੀ.ਏ.ਆਈ. ਵੱਲੋਂ ਅਕਾਦਮਿਕ ਗਲੋਬਲ ਐਜੂਕੇਸ਼ਨ ਸੰਮੇਲਨ ਨਵੀਂ ਦਿੱਲੀ ਵਿਖੇ ਦੁਵੱਲਾ ਸਮਝੌਤਾ ਸਹੀਬੱਧ ਕੀਤਾ ਗਿਆ। ਸਮਝੌਤਾ ਜੀ.ਕੇ.ਯੂ. ਵੱਲੋਂ ਪਰੋ. ਵਾਈਸ ਚਾਂਸਲਰ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ ਤੇ ਆਈ.ਸੀ.ਏ.ਆਈ. ਵੱਲੋਂ ਸੀ.ਏ. ਡਾ. ਜੈ ਕੁਮਾਰ ਬਤਰਾ ਵੱਲੋਂ ਹਸਤਾਖਰਿਤ ਕੀਤਾ ਗਿਆ। ਇਹ ਸੰਮੇਲਨ ਆਈ.ਸੀ.ਏ.ਆਈ. ਦੇ ਅਕਾਦਮਿਕ ਬੋਰਡ ਆਫ਼ ਸਟਡੀਜ਼ ਵੱਲੋਂ ਆਯੋਜਿਤ ਕੀਤਾ ਗਿਆ। ਜਿਸ ਵਿੱਚ ਅਰੁਣ ਸਿੰਘ ਸੰਸਦ ਮੈਂਬਰ ਰਾਜ ਸਭਾ ਵਿਸ਼ੇਸ਼ ਮਹਿਮਾਨ ਤੇ ਪ੍ਰਧਾਨ ਆਈ.ਸੀ.ਏ.ਆਈ ਚਰਨਜੋਤ ਸਿੰਘ ਨੰਦਾ ਸਨਮਾਨਿਤ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਸਮਝੌਤੇ ਤਹਿਤ ਦੋਵੇਂ ਸੰਸਥਾਵਾਂ ਐਮ.ਕਾਮ, ਬੀ.ਕਾਮ (ਆਨਰਜ਼), ਐੱਲ.ਐੱਲ.ਬੀ., ਬੀ.ਬੀ.ਏ., ਐਮ.ਬੀ.ਏ., ਵੱਖ-ਵੱਖ ਸਰਟੀਫਿਕੇਟ ਅਤੇ ਡਿਪਲੋਮਾ ਕੋਰਸਾਂ ਵਰਗੇ ਪ੍ਰੋਗਰਾਮਾਂ ਵਿੱਚ ਅਕਾਦਮਿਕ ਸਹਿਯੋਗ ਵਧਾਉਣਗੀਆਂ। ਇਹ ਸਾਂਝੇਦਾਰੀ ਦੋਵਾਂ ਸੰਸਥਾਵਾਂ ਦੇ ਅੰਦਰ ਬੌਧਿਕ ਵਿਕਾਸ ਅਤੇ ਅਕਾਦਮਿਕ ਤਰੱਕੀ ਨੂੰ ਵਧਾਉਣ ਵਿੱਚ ਸਹਿਯੋਗੀ ਧਿਰ ਬਣਕੇ ਲੜੀਂਦੀਆਂ ਕਾਰਵਾਈਆਂ ਕਰਨਗੀਆਂ। ਇਸ ਦੇ ਨਾਲ-ਨਾਲ ਆਈ.ਸੀ.ਏ.ਆਈ. ਨਿਸ਼ਿਚਤ ਪ੍ਰੋਗਰਾਮਾਂ ਲਈ ਪਾਠਕ੍ਰਮ ਡਿਜ਼ਾਈਨ ਕਰਨ ਵਿੱਚ ਮਦਦ ਕਰੇਗਾ ਅਤੇ ਚਾਰਟਰਡ ਅਕਾਊਂਟੈਂਸੀ ਦੇ ਮੈਂਬਰਾਂ ਨਾਲ ਵਿਸ਼ੇਸ਼ ਅਕਾਦਮਿਕ ਅਤੇ ਪੇਸ਼ੇਵਰ ਸੈਸ਼ਨਾਂ ਦਾ ਆਯੋਜਨ ਕਰੇਗਾ। ਸਮਝੌਤੇ ਬਾਰੇ ਹੋਰ ਦੱਸਦਿਆਂ ਐਸੋਸਿਏਟ ਡੀਨ ਫੈਕਲਟੀ ਆਫ਼ ਮੈਨੇਜ਼ਮੈਂਟ ਐਂਡ ਕਾਮਰਸ, ਡਾ. ਨਵਨੀਤ ਸੇਠ ਨੇ ਦੱਸਿਆ ਕਿ ਜੀ.ਕੇ.ਯੂ. ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੀ ਪ੍ਰਵਾਨਗੀ ਅਧੀਨ ਮੈਨੇਜ਼ਮੈਂਟ, ਕਾਮਰਸ ਅਤੇ ਸਹਾਇਕ ਵਿਸ਼ਿਆਂ ਵਿੱਚ ਸੀ.ਏ. ਯੋਗਤਾ ਨੂੰ ਪੀ.ਐੱਚ.ਡੀ. ਦੇ ਬਰਾਬਰ ਮਾਨਤਾ ਦੇਣ ਲਈ ਸਹਿਮਤੀ ਵੀ ਪ੍ਰਗਟਾਈ। ਦੁਵੱਲੇ ਸਮਝੌਤੇ ਲਈ ਜੀ.ਕੇ.ਯੂ. ਦੇ ਚਾਂਸਲਰ ਗੁਰਲਾਭ ਸਿੰਘ ਸਿੱਧੂ ਅਤੇ ਵਾਈਸ ਚਾਂਸਲਰ ਡਾ. ਰਾਮੇਸ਼ਵਰ ਸਿੰਘ ਨੇ ਫੈਕਲਟੀ ਆਫ਼ ਮੈਨੇਜ਼ਮੈਂਟ ਐਂਡ ਕਾਮਰਸ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਮਝੌਤਾ ਕਾਮਰਸ ਐਂਡ ਮੈਨੇਜ਼ਮੈਂਟ ਦੇ ਵਿਦਿਆਰਥੀਆਂ ਲਈ ਵਿੱਤ ਅਤੇ ਵਣਜ ਨਾਲ ਸੰਬੰਧਿਤ ਖੇਤਰਾਂ ਵਿੱਚ ਨਵੀਆਂ ਸੰਭਾਵਨਾਵਾਂ ਖੋਲਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਮੁਕਤਸਰ ਤੋਂ ਬਠਿੰਡਾ ਨੂੰ ਜਾਂਦੀ ਸੜਕ ਤੇ ਸੂਏ ਵਿੱਚੋਂ ਤਿੰਨ ਭਰੂਣ ਦਾ ਮਿਲਣਾ ਬਹੁਤ ਹੀ ਚਿੰਤਾ ਜਨਕ ਮੁੱਦਾ, ਅਜਿਹੇ ਲੋਕਾਂ ਨੂੰ ਕਾਬੂ ਕਰਨਾ ਪੁਲਿਸ ਦੀ ਵੱਡੀ ਜ਼ਿੰਮੇਵਾਰੀ : ਭਾਈ ਵਿਰਸਾ ਸਿੰਘ ਖਾਲਸਾ



**ਜੰਡਿਆਲਾ ਗੁਰੂ, 2 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਭਰੂਣ ਹੱਤਿਆਂ ਸਮਾਜ ਵਿਚ ਬਹੁਤ ਹੀ ਚਿੰਤਾ ਜਨਕ ਵਿਸ਼ਾ ਬਣ ਚੁੱਕਾ ਹੈ ਇਸ ਤੋਂ ਕੁਝ ਸਮਾਂ ਪਹਿਲਾਂ ਭਰੂਣ ਹੱਤਿਆਂ ਦੇ ਇਹ ਮਾਮਲਾ ਵੱਧਦੇ ਜਾ ਰਹੇ ਸਨ,ਪਰ ਜਦੋਂ ਤੋਂ ਸਮਾਜ ਦੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਪੰਥਕ ਅਤੇ ਧਰਮੀ ਲੋਕਾਂ ਨੇ ਜਾਗਰੂਕਤਾ ਲਹਿਰ ਚਲਾ ਕੇ ਇਸ ਸਬੰਧੀ ਜਾਗਰੂਕ ਕੀਤਾ ਤਾਂ ਉਸ ਤੋਂ ਬਾਅਦ ਭਰੂਣ ਹੱਤਿਆਂ ਵਰਗੇ ਕੁਦਰਤ ਵਿਰੋਧੀ ਵਰਤਾਰੇ ਨੂੰ ਠੱਲ੍ਹ ਪਈ ਅਤੇ ਭਰੂਣ ਹੱਤਿਆਂ ਮਾਮਲੇ ਬਹੁਤ ਵੱਡੀ ਪੱਧਰ ਘਟੇ ਸਨ, ਭਾਵੇਂ ਕਿ ਇਕਾ ਦੁੱਕਾ ਭਰੂਣ ਹੱਤਿਆਂ ਦੀਆਂ ਘਟਨਾਵਾਂ ਕਦੇ ਕਦੇ ਸਹਾਮਣੇ ਆ ਹੀ ਜਾਂਦੀਆਂ ਹਨ ਅਤੇ ਇਸੇ ਹੀ ਤਰ੍ਹਾਂ ਮੁਕਤਸਰ ਤੋਂ ਬਠਿੰਡਾ ਨੂੰ ਜਾਂਦੀ ਸੜਕ ਤੇ ਤਿੰਨ ਭਰੂਣ ਸੂਏ ਵਿਚੋਂ ਮਿਲ਼ੇ ਹਨ , ਇਹਨਾਂ ਭਰੂਣਾਂ ਨੂੰ ਪੁਲਿਸ ਨੇ ਪਹੁੰਚ ਕੇ ਇਹਨਾਂ ਆਪਣੇ ਕਬਜ਼ੇ ਲੈਣ ਤੋਂ ਬਾਅਦ ਹਸਪਤਾਲ ਵਿੱਚ ਰਖਵਾ ਦਿੱਤੇ ਹਨ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਭਰੂਣ ਕਿਸ ਨੇ ਸੁੱਟੇ, ਕਦੋਂ ਸੁੱਟੇ, ਤੇ ਕਦੋਂ ਦੇ ਪੈ ਹੋਏ ਹਨ,ਇਹ ਸਾਰਾ ਅਜੇ ਜਾਂਚ ਦਾ ਵਿਸ਼ਾ ਹੈ ਪਰ ਲੋਕਾਂ ਦੀ ਮੰਗ ਹੈਂ ਇਹਨਾਂ ਭਰੂਣ ਹੱਤਿਆਂ ਕਰਨ ਵਾਲੇ ਪਾਪੀਆਂ ਨੂੰ ਲੱਭਿਆ ਜਾਵੇ ਅਤੇ ਭਰੂਣ ਹੱਤਿਆਂ ਲਈ ਇਕ ਵਿਸ਼ੇਸ਼ ਕਾਨੂੰਨ ਬਣਾਇਆ ਜਾਵੇ ਤਾਂ ਕਿ ਅਜਿਹੇ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਵਾਈ ਜਾਂ ਸਕੇ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਮੁਕਤਸਰ ਸਾਹਿਬ ਤੋਂ ਬਠਿੰਡਾ ਨੂੰ ਜਾਂਦੀ ਸੜਕ ਸੂਏ ਕੋਲ ਤਿੰਨ ਭਰੂਣ ਮਿਲ਼ਣ ਵਾਲੀ ਘਟਨਾ ਤੇ ਗਹਿਰੀ ਚਿੰਤਾ ਅਤੇ ਸਰਕਾਰ ਤੋਂ ਭਰੂਣ ਹੱਤਿਆਂ ਦੇ ਦੋਸ਼ੀਆਂ ਨੂੰ ਕਾਬੂ ਕਰਨ ਦੇ ਨਾਲ ਹੀ ਭਰੂਣ ਹੱਤਿਆਂ ਮਾਮਲੇ 'ਚ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਉਹਨਾਂ ਕਿਹਾ ਭਾਈ ਖਾਲਸਾ ਨੇ ਸਪੱਸ਼ਟ ਕੀਤਾ ਕੁਝ ਦੇਰ ਪਹਿਲਾਂ ਪਰੂਣ ਹੱਤਿਆ ਦੀਆਂ ਖਬਰਾਂ ਪੜ੍ਹਨ ਸੁਣਨ ਨੂੰ ਨਹੀਂ ਮਿਲਿਆ ਕਿਉਂਕਿ ਪੰਥਕ ਜਥੇਬੰਦੀਆਂ ਤੇ ਸਮਾਜ ਸੇਵਾ ਜਥੇਬੰਦੀਆਂ ਨੇ ਭਰੂਣ ਹੱਤਿਆਂ ਸਬੰਧੀ ਜਾਗਰੂਕ ਕੀਤਾ ਅਤੇ ਇਹਨਾਂ ਘਟਨਾਵਾਂ ਤੇ ਕਾਬੂ ਪਇਆ,ਪਰ ਹੁਣ ਇਸ ਸਬੰਧੀ ਚਲਾਈ ਜਾਗਰੂਕਤਾ ਮੁਹਿੰਮ ਵਿੱਚ ਕੁਝ ਰੁਕਾਵਟ ਆਈ, ਜਿਸ ਦੇ ਸਿੱਟੇ ਵੱਜੋਂ ਭਰੂਣ ਹਤਿਆਵਾਂ ਦੇ ਮਾਮਲੇ ਫਿਰ ਤੋਂ ਸਹਾਮਣੇ ਆਉਣ ਲੱਗੇ ਹਨ, ਭਾਈ ਖਾਲਸਾ ਨੇ ਕਿਹਾ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਮੁਕਤਸਰ ਬਠਿੰਡਾ ਰੋਡ ਤੇ ਸੂਏ'ਚ ਤਿੰਨ ਮਿਲੇ ਭਰੂਣ ਵਾਲੀ ਘਟਨਾ ਤੇ ਗਹਿਰੀ ਚਿੰਤਾ, ਦੋਸ਼ੀਆਂ ਨੂੰ ਕਾਬੂ ਕਰਕੇ ਸਖਤ ਸਜ਼ਾ ਦੇਣ ਦੇ ਨਾਲ ਨਾਲ ਸਰਕਾਰ ਤੋਂ ਮੰਗ ਕਰਦੀ ਹੈ ਭਰੂਣ ਹੱਤਿਆਂ ਮਾਮਲੇ ਵਿੱਚ ਸਖਤ ਕਾਨੂੰਨ ਬਣਾਉਣ ਸਮੇਤ ਪੰਥਕ ਜਥੇਬੰਦੀਆਂ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨੂੰ ਅਪੀਲ ਕਰਦੀ ਹੈ ਕਿ ਭਰੂਣ ਹੱਤਿਆਂ ਵਰਗੇ ਧਰਮੀਂ ਅਤੇ ਸਮਾਜਿਕ ਕੌਹੜ ਨੂੰ ਖਤਮ ਕਰਨ ਲਈ ਜ਼ੋਰਦਾਰ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਤਾਂ ਕਿ ਵੱਧ ਰਹੀਆਂ ਭਰੂਣ ਹੱਤਿਆਂਵਾ ਨੂੰ ਰੋਕਿਆ ਜਾ ਸਕੇ ।

## 12 ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 'ਤੇ ਸ੍ਰੀ ਫਤਿਹਗੜ੍ਹ ਸਾਹਿਬ ਪਹੁੰਚੋ: ਨਰਿੰਦਰ ਸਿੰਘ ਕਾਲਾਬੂਲਾ

ਧੂਰੀ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਦੀ ਰਹਿਨੁਮਾਈ ਹੇਠ 12 ਫਰਵਰੀ 2026 ਨੂੰ 20ਵੀਂ ਸਦੀ ਦੇ ਮਹਾਨ ਨਾਇਕ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਸ੍ਰੀ ਫਤਿਹਗੜ ਸਾਹਿਬ ਵਿਖੇ ਬੜੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜੁਝਾਰੂ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਨਰਿੰਦਰ ਸਿੰਘ ਕਾਲਾਬੂਲਾ ਨੇ ਕੀਤਾ। ਉਨ੍ਹਾਂ ਕਿਹਾ ਕਿ 12 ਫਰਵਰੀ ਨੂੰ ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਵੱਡੇ ਸਮਾਗਮ ਦੇ ਰੂਪ ਵਿੱਚ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਧੂਰੀ ਹਲਕੇ ਤੋਂ ਵਿਸ਼ਾਲ ਕਾਫਲੇ ਸ੍ਰੀ ਫਤਿਹਗੜ ਸਾਹਿਬ ਵਿਖੇ ਜਾਣਗੇ। ਉਨ੍ਹਾਂ ਕਿਹਾ ਕਿ ਸੰਤ ਜੀ ਨੌਜਵਾਨਾਂ ਦੇ ਦਿਲਾਂ ਵਿੱਚ ਵੱਸਦੇ ਹਨ ਅਤੇ ਭਵਿੱਖ ਵਿੱਚ ਸੰਤਾਂ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਸੂਬੇ ਦੇ ਨੌਜਵਾਨ, ਪਾਰਟੀ ਦੇ ਕੌਮੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਮਜ਼ਬੂਤ ਹੋ ਕੇ ਖਾਲਸਾ ਪੰਥ ਦੀ ਚੜ੍ਹਦੀਕਲਾ ਕਰਨਗੇ ਅਤੇ ਸੰਗਤਾਂ ਨਾਲ ਮਿਲ ਕੇ ਮਿੱਥੇ ਟੀਚੇ ਨੂੰ ਪ੍ਰਾਪਤ ਕਰਨਗੇ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਇਸ ਮਿਸ਼ਨ 'ਚ ਕੰਮ ਕਰਦੇ ਸਮੂਹ ਪੰਥਕ ਜਥੇਬੰਦੀਆਂ ਮਜ਼ਬੂਤ ਹੋਣਗੀਆਂ ਜਿਨ੍ਹਾਂ ਨੂੰ ਸੂਬੇ ਵਿੱਚ ਸਨਮਾਨ ਦਿੱਤਾ ਜਾਵੇਗਾ। ਇਸ ਲਈ ਪੰਥ ਦਰਦੀ ਹੋਰਨਾਂ ਡੋਗਰਿਆਂ ਦਾ ਖਹਿੜਾ ਛੱਡ ਇਸ ਅਧੂਰੀ ਜੰਗ ਨੂੰ ਮੰਜਿਲ ਤੱਕ ਪਹੁੰਚਾਉਣ ਲਈ ਸ: ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੀ ਪਾਰਟੀ ਨੂੰ ਸਹਿਯੋਗ ਦੇਣ।



## ਕੇਂਦਰੀ ਬਜਟ ਦੇਸ਼ ਦੇ ਵਿਕਾਸ ਅਤੇ ਆਮ ਵਰਗ ਦੇ ਹੱਕ ਵਿੱਚ ਇਤਿਹਾਸਕ ਕਦਮ-ਨੀਲੂ ਮਿੱਤਲ

ਸੰਗਾਲਾ ( ਰਣਜੀਤ ਸਿੰਘ ਪੇਧਨੀ )- ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਅੱਜ ਦਾ ਕੇਂਦਰੀ ਬਜਟ ਦੇਸ਼ ਨੂੰ ਵਿਕਾਸ ਦੀ ਨਵੀਂ ਦਿਸ਼ਾ ਦੇਣ ਵਾਲਾ ਅਤੇ ਹਰ ਵਰਗ ਦੀ ਭਲਾਈ ਨੂੰ ਸਮਰਪਿਤ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੀਜੇਪੀ ਦੇ ਸੀਨੀਅਰ ਆਗੂ ਕ੍ਰਿਸਨ ਗੋਪਾਲ ਨੀਲੂ ਮਿੱਤਲ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਬਜਟ ਗਰੀਬ, ਕਿਸਾਨ, ਮੱਧ ਵਰਗ, ਨੌਜਵਾਨਾਂ ਅਤੇ ਮਹਿਲਾਵਾਂ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰਾ ਉਤਰਦਾ ਹੈ। ਕਿਸਾਨਾਂ ਲਈ ਖੇਤੀਬਾੜੀ ਖੇਤਰ ਵਿੱਚ ਵਧੇਰੇ ਨਿਵੇਸ਼ ਕਰਕੇ ਪਿੰਡਾਂ ਦੀ ਅਰਥਵਿਵਸਥਾ ਨੰ ਮਜ਼ਬੂਤ ਕੀਤਾ ਗਿਆ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਲਈ ਸਿੱਖਿਆ, ਹੁਨਰ ਵਿਕਾਸ ਅਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ 'ਤੇ ਖਾਸ ਧਿਆਨ ਦਿੱਤਾ ਗਿਆ ਹੈ। ਸਟਾਰਟਅੱਪ ਅਤੇ ਐਮਐਸਐਮਈ ਖੇਤਰ ਨੂੰ ਮਿਲਣ ਵਾਲੇ ਉਤਸ਼ਾਹ ਨਾਲ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਨੌਕਰੀਆਂ ਸਿਰਜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮਹਿਲਾ ਸਸ਼ਕਤੀਕਰਨ, ਸਿਹਤ, ਬੁਨਿਆਦੀ ਢਾਂਚੇ, ਡਿਜ਼ੀਟਲ ਇੰਡੀਆ ਅਤੇ ਹਰੀ ਊਰਜਾ ਲਈ ਕੀਤੀਆਂ ਗਈਆਂ ਘੋਸ਼ਣਾਵਾਂ ਸਪਸ਼ਟ ਕਰਦੀਆਂ ਹਨ ਕਿ ਇਹ ਬਜਟ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਦੀ ਸਲਾਘਾ ਕਰਦਿਆਂ ਕਿਹਾ ਕਿ ਇਹ ਬਜਟ ਵਿਕਾਸ, ਵਿਸ਼ਵਾਸ ਅਤੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ 2047 ਤੱਕ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਵੱਲ ਇੱਕ ਮਜ਼ਬੂਤ ਕਦਮ ਹੈ।



ਭਗਤ ਰਵੀਦਾਸ ਦਾਸ ਜੀ ਦਾ ਜਨਮ ਦਿਹਾੜਾ

# ਪਿੰਡ ਭੋਮਾ ਵਿਖੇ ਧੂਮਧਾਮ ਨਾਲ ਮਨਾਇਆ ਗਿਆ



**ਜੰਡਿਆਲਾ ਗੁਰੂ, 2 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਭਗਤ ਰਵਿਦਾਸ ਦਾਸ ਜੀ ਦਾ ਜਨਮ ਦਿਹਾੜਾ ਪਿੰਡ ਭੋਮਾ ਦੇ ਗੁਰਦੁਆਰਾ ਸਾਹਿਬ ਜੀ ਵਿਖੇ ਗੁ ਕਮੇਟੀ ਤੇ ਸਮੂਹ ਗੁਰੂ ਨਾਨਕ ਨਾਮ ਲੇਵੀ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿੱਚ ਮਨਾਇਆ ਗਿਆ ਬਾਬਾ ਗੁਰਮੇਜ ਸਿੰਘ ਭੋਮਾ ਤੇ ਭਾਈ ਗਿਆਨ ਸਿੰਘ ਪ੍ਰਚਾਰਕ ਬਾਬਾ ਸੁੱਖਾ ਸਿੰਘ ਭੋਮਾ ਨੇ ਵੱਖ ਵੱਖ ਜਥਿਆਂ ਨੇ ਗੁਰੂ ਜਸ ਕੀਰਤਨ ਕਰਕੇ ਰੱਬੀ ਬਾਣੀ ਨਾਲ ਨਿਹਾਲ ਕੀਤਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਇਸ ਮੌਕੇ ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਭਗਤ ਰਵੀਦਾਸ ਦਾਸ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਸਿੱਖਿਆਵਾਂ ਤੇ ਚਲਣ ਦੀ ਅਪੀਲ ਕੀਤੀ ਤੇ ਭਗਤ ਰਵੀਦਾਸ ਦਾਸ ਜੀ ਦੇ ਸੇਵਕਾਂ ਨੂੰ ਯਾਦਗਾਰੀ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਇਆ ਗਿਆ ਇਸ ਮੌਕੇ ਤੇ ਮੁਲਖ ਰਾਜ ਭੋਮਾ ਪ੍ਰਧਾਨ ਰਜਿੰਦਰ ਸਿੰਘ ਭੋਮਾ ਕੇਵਲ ਸਿੰਘ ਭੋਮਾ ਸੁਬਾਸ ਸਿੰਘ ਭੋਮਾ ਬਾਬਾ ਜਸਬੀਰ ਸਿੰਘ ਮਿਸਤਰੀ ਭੋਲਾ ਸਿੰਘ ਮੇਜਰ ਸਿੰਘ ਧੀਰ ਸਿੰਘ ਭੋਮਾ ਬੀਰ ਸਿੰਘ ਬਿੱਟੂ ਸਿੰਘ ਕਰਨੈਲ ਸਿੰਘ ਭੋਮਾ ਬੰਤ ਸਿੰਘ ਭੋਮਾ ਬਾਬਾ ਸੁੱਖਾ ਸਿੰਘ ਮਨਜੀਤ ਸਿੰਘ ਕਾਲਾ ਸਿੰਘ ਮਨਪ੍ਰੀਤ ਸਿੰਘ ਭਗਵੰਤ ਸਿੰਘ ਆਦਿ ਹਾਜ਼ਰ ਸਨ !

ਆਵਾਜ਼ਿ ਕੌਮ AWAZE QAUM International Newspaper & WEB TV

**ਸਾਨੂੰ ਸਭ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਚੱਲ ਕਿ ਆਪਣੇ ਜੀਵਨ ਨੂੰ ਸਫ਼ਲ ਬਣਾਉਣਾ ਚਾਹੀਦਾ-ਰਣਜੀਤ ਸਿੰਘ ਭੋਮਾ**

ਪਿੰਡ ਬੁਰਜ ਕਲਾਰਾ ਦੇ ਗੁਰਦੁਆਰਾ ਤਪ ਅਸਥਾਨ ਬਾਬਾ ਸਾਈਂ ਲੋਕ ਵਿਖੇ

# ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ











ਜਗਰਾਉਂ -(ਵਰਿਆਮ ਹਠੂਰ) ਜ਼ਿਲ੍ਹਾ ਲੁਧਿਆਣਾ ਦੇ ਆਖਰੀ ਪਿੰਡ ਬੁਰਜ ਕਲਾਰਾ ਦੇ ਗੁਰਦੁਆਰਾ ਤਪ ਅਸਥਾਨ ਬਾਬਾ ਸਾਈਂ ਲੋਕ ਵਿਖੇ ਕ੍ਰਾਂਤੀਕਾਰੀ ਰਹਿਬਰ ਸਤਿਗੁਰ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਕਾਸ਼ ਕੀਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਇਸ ਮੌਕੇ ਗੁਰਸੰਗਤਾਂ ਨੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ ਤੇ ਸਤਿਗੁਰਾਂ ਦੀ ਇਲਾਹੀ ਬਾਣੀ ਦਾ ਅਨੰਦ ਮਾਣਿਆ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕਲਾਰਾ ਨੇ ਗੁਰਸੰਗਤਾਂ ਨੂੰ ਸਤਿਗੁਰ ਰਵਿਦਾਸ ਜੀ ਦੇ ਜੀਵਨ ਪ੍ਰਤੀ ਵਿਸਥਾਰ ਪੂਰਵਕ ਚਾਨਣਾ ਪਾਇਆ, ਕਵੀਸ਼ਰ ਵਾਹਿਗੁਰੂ ਪਾਲ ਸਿੰਘ ਅਤੇ ਮਨੀ ਹਠੂਰ ਵੱਲੋਂ ਸਤਿਗੁਰ ਰਵਿਦਾਸ ਨਾਲ ਸਬੰਧਿਤ ਕਵੀਸ਼ਰੀ ਪੇਸ਼ ਕੀਤੀ, ਤੇ ਨਾਲ ਹੀ ਕਲਾਕਾਰ ਮਨੀ ਹਠੂਰ ਨੇ ਧਾਰਮਿਕ ਸ਼ਬਦਾਂ ਦੀ ਵੀ ਪੇਸ਼ਕਾਰੀ ਕੀਤੀ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਲਾਘਾਯੋਗ ਉਪਰਾਲਾ ਕਰਦੇ ਹੋਏ ਨਵ ਜਨਮੀਆਂ ਨੰਨੀਆਂ ਬੱਚੀਆਂ ਨੂੰ ਬਸਤਰ, ਲੱਡੂਆਂ ਦੇ ਡੱਬੇ ਅਤੇ ਉਨ੍ਹਾਂ ਦੀਆਂ ਮਾਤਾਵਾਂ ਨੂੰ ਗਰਮ ਸ਼ਾਲ ਅਤੇ ਆਸ਼ਾ ਵਰਕਰਾਂ ਨੂੰ ਵੀ ਗਰਮ ਸ਼ਾਲ ਅਤੇ ਲੱਡੂਆਂ ਦੇ ਡੱਬੇ ਦੇ ਕੇ ਸਨਮਾਨਿਤ ਕੀਤਾ ਗਿਆ, ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕਲਾਰਾ ਨੇ ਸਮੂਹ ਸੇਵਾਦਾਰਾਂ ਅਤੇ ਇਕੱਤਰ ਗੁਰਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਇਸ ਮੌਕੇ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕਲਾਰਾ, ਮਿਸਤਰੀ ਪਰਮਜੀਤ ਸਿੰਘ, ਸਰਪੰਚ ਚਮਕੌਰ ਸਿੰਘ, ਅਵਤਾਰ ਸਿੰਘ ਸਿੱਧੂ, ਮਿੱਠੂ ਸਿੰਘ ਬੁਰਜ ਕਲਾਰਾ, ਬਹਾਦਰ ਸਿੰਘ, ਰੁਲਦੂ ਸਿੰਘ, ਧੀਲੂ ਸਿੰਘ, ਗੋਰਾ ਸਿੰਘ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ, ਚੰਦ ਸਿੰਘ, ਸ਼ਿੰਦਰਪਾਲ ਸ਼ਰਮਾ, ਮਹਿੰਦਰ ਸਿੰਘ, ਮਨੀ ਹਠੂਰ ਸਮੇਤ ਅਨੇਕਾਂ ਗੁਰਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੰਨੀਆਂ ਧੀਆਂ, ਉਨ੍ਹਾਂ ਦੀਆਂ ਮਾਤਾਵਾਂ ਅਤੇ ਆਸ਼ਾ ਵਰਕਰਾਂ ਨੂੰ ਬਸਤਰ ਦੇ ਕੇ ਕੀਤਾ ਸਨਮਾਨਿਤ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਡਾ. ਰਵੀਕਾਂਤ ਗੁਪਤਾ ਦੇ ਯਤਨਾਂ ਸਕਦਾ ਪੰਜਾਬ ਸਰਕਾਰ ਵਲੋਂ ਸਰਕਾਰੀ ਹਸਪਤਾਲ ਦੇ ਜੱਚਾ-ਬੱਚਾ ਵਿਭਾਗ ਦੇ ਅਧੂਰੇ ਕਾਰਜਾਂ ਲਈ 1 ਕਰੋੜ 70 ਲੱਖ ਦੀ ਗ੍ਰਾਂਟ ਜਾਰੀ



ਤਲਵੰਡੀ ਸਾਬੋ, 2 ਫਰਵਰੀ (ਗੁਰਜੰਟ ਸਿੰਘ ਨਥੇਹਾ)- ਉਪ ਮੰਡਲ ਤਲਵੰਡੀ ਸਾਬੋ ਇਲਾਕੇ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਸਥਾਨਕ ਸ਼ਹੀਦ ਬਾਬਾ ਦੀਪ ਸਿੰਘ ਸਰਕਾਰੀ ਹਸਪਤਾਲ ਦੇ ਐਸ.ਐਮ.ਓ ਡਾ. ਰਵੀਕਾਂਤ ਦੇ ਯਤਨਾਂ ਨੂੰ ਉਸ ਸਮੇਂ ਹੋਰ ਬਲ ਮਿਲਿਆ ਜਦ ਬੀਤੇ ਕੱਲ੍ਹ ਪੰਜਾਬ ਸਰਕਾਰ ਵੱਲੋਂ ਹਸਪਤਾਲ ਦੇ ਜੱਚਾ ਬੱਚਾ ਵਿਭਾਗ ਦੇ ਅਧੂਰੇ ਪਏ ਕਾਰਜਾਂ ਨੂੰ ਪੂਰੇ ਕਰਨ ਲਈ ਇਕ ਕਰੋੜ 70 ਲੱਖ ਦੀ ਗ੍ਰਾਂਟ ਨੂੰ ਮਨਜ਼ੂਰੀ ਦੇ ਦਿੱਤੀ ਗਈ। ਜਾਣਕਾਰੀ ਅਨੁਸਾਰ ਸਰਕਾਰੀ ਹਸਪਤਾਲ ਦੀ ਨਵੀਂ ਬਿਲਡਿੰਗ ਅੰਦਰ ਬਣੇ ਜੱਚਾ ਬੱਚਾ ਵਿਭਾਗ ਦਾ ਕੰਮ ਅਧੂਰਾ ਪਿਆ ਸੀ ਜਿਸ ਨੂੰ ਪੂਰਾ ਕਰਵਾਉਣ ਲਈ ਐਸ.ਐਮ.ਓ ਵਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਜਿੱਥੇ ਉਨ੍ਹਾਂ ਵਲੋਂ ਲੰਘੇ ਮਹੀਨਿਆਂ ਦੌਰਾਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਡਾਇਰੈਕਟਰ ਤੇ ਐਮ.ਡੀ ਨਾਲ ਚੰਡੀਗੜ੍ਹ ਵਿਖੇ ਮੁਲਾਕਾਤਾਂ ਕੀਤੀਆਂ ਗਈਆਂ ਸਨ ਉੱਥੇ ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਕੋਲ ਉਕਤ ਮਸਲੇ ਨੂੰ ਸਰਕਾਰ ਤੱਕ ਪਹੁੰਚਾਉਣ ਲਈ ਪੈਰਵਾਈ ਕੀਤੀ ਸੀ। ਸੂਬਾ ਸਰਕਾਰ ਵਲੋਂ ਬੀਤੇ ਦਿਨੀਂ ਜੱਚਾ-ਬੱਚਾ ਵਿਭਾਗ ਤੇ ਸੰਬੰਧਿਤ ਅਧੂਰੇ ਕਾਰਜਾਂ ਨੂੰ ਪੂਰੇ ਕਰਨ ਲਈ ਗ੍ਰਾਂਟ ਜਾਰੀ ਕਰਨ ਦਾ ਪੱਤਰ ਜਾਰੀ ਕਰ ਦਿੱਤਾ ਗਿਆ। ਇਸ ਸਬੰਧੀ ਗੱਲਬਾਤ ਦੌਰਾਨ ਡਾ. ਗੁਪਤਾ ਨੇ ਦੱਸਿਆ ਕਿ ਉਕਤ ਬਜਟ ਨਾਲ ਸਰਕਾਰੀ ਹਸਪਤਾਲ ਦੀ ਨਵੀਂ ਬਿਲਡਿੰਗ ਵਿਚ ਜੱਚਾ-ਬੱਚਾ ਵਿਭਾਗ ਲਈ ਲਿਫ਼ਟ, ਰੈਂਪ, ਗ੍ਰੀਨ ਜੋਨ ਖੇਤਰ ਬਣਾਉਣ, ਹਸਪਤਾਲ ਦੇ ਮੁੱਖ ਗੇਟ ਨੂੰ ਵੱਡਾ ਕਰਨ ਤੇ ਪਾਰਕਿੰਗ ਨੂੰ ਪੂਰਾ ਕਰਦੇ ਹੋਏ ਕਾਰਜਸ਼ੀਲ ਕੀਤਾ ਜਾਵੇਗਾ। ਉਹਨਾਂ ਹੋਰ ਦੱਸਿਆ ਕਿ ਇਨ੍ਹਾਂ ਕੰਮਾਂ ਲਈ ਟੈਂਡਰ ਦੀ ਪ੍ਰਕਿਰਿਆ ਨੂੰ ਜਲਦ ਪੂਰੀ ਕਰਕੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਡਾ. ਰਵੀਕਾਂਤ ਗੁਪਤਾ ਨੇ ਉਕਤ ਗ੍ਰਾਂਟ ਲਈ ਪੰਜਾਬ ਸਰਕਾਰ, ਸਿਹਤ ਮੰਤਰੀ ਡਾ. ਬਲਵੀਰ ਸਿੰਘ, ਹਲਕਾ ਵਿਧਾਇਕ ਪ੍ਰੋ. ਬਲਜਿੰਦਰ ਕੌਰ ਸਮੇਤ ਪ੍ਰਿੰਸੀਪਲ ਸੈਕਟਰੀ ਸਿਸਟਮ ਕਾਰਪੋਰੇਸ਼ਨ ਅਮਿਤ ਤਲਵਾੜ ਆਈ.ਏ.ਐਸ, ਡਾਇਰੈਕਟਰ ਹੈਲਥ ਹਤਿੰਦਰ ਕੌਰ ਤੇ ਸਿਵਲ ਸਰਜਨ ਤਪਿੰਦਰਜੋਤ ਕੌਰ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰੂ ਰਵਿਦਾਸ ਜੀ ਦੀ ਬਾਣੀ ਸਮਾਜਿਕ ਬਰਾਬਰੀ ਅਤੇ ਮਨੁੱਖਤਾ ਦਾ ਮਾਰਗ ਦਿਖਾਉਂਦੀ ਹੈ: ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ



ਧੂਰੀ ( ਰਣਜੀਤ ਸਿੰਘ ਪੇਧਨੀ ) ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ ਪਿੰਡ ਫਰਵਾਹੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਿਸ ਵਿੱਚ ਧੂਰੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਸਰਨਜੀਤ ਕੌਰ ਦੇ ਸਪੁੱਤਰ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ ਵੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਫਰਵਾਹੀ ਦੇ ਸ੍ਰੀ ਗੁਰੂ ਰਵਿਦਾਸ ਕਲੱਬ ਨੂੰ ਭਾਂਡਿਆਂ ਦੀ ਵੈਲ ਭੇਟ ਕੀਤੀ ਗਈ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਮਨੁੱਖ ਨੂੰ ਸੱਚਾਈ ਅਤੇ ਸਮਾਨਤਾ ਦੇ ਮਾਰਗ 'ਤੇ ਤੁਰਨ ਲਈ ਪ੍ਰੇਰਿਤ ਕਰਦੀ ਹੈ ਅਤੇ ਇਹ ਸਿੱਖਿਆਵਾਂ ਅੱਜ ਦੇ ਸਮਾਜ ਲਈ ਵੀ ਬਹੁਤ ਹੀ ਸੰਦੇਹਵਾਦ ਹੈ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਆਪਣੇ ਉਪਦੇਸ਼ਾਂ ਰਾਹੀਂ ਜਾਤ-ਪਾਤ, ਭੇਦਭਾਵ ਅਤੇ ਉੱਚ-ਨੀਚ ਦੀ ਸੋਚ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਕੇ ਸਮਾਜ ਵਿੱਚ ਏਕਤਾ, ਸਦਭਾਵਨਾ ਅਤੇ ਸੇਵਾ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਇਸ ਮੌਕੇ ਉਹਨਾਂ ਦੇ ਨਾਲ ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ ਕਿਲਾ ਹਕੀਮਾਂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## 11 ਮਹੀਨੇ ਪਹਿਲਾਂ ਵਿਆਹੇ ਪਤੀ-ਪਤਨੀ ਦੀ ਭੇਦਭਰੀ ਹਾਲਾਤਾਂ 'ਚ ਮੌਤ



**ਤਲਵੰਡੀ ਸਾਬੋ, 02 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਤਲਵੰਡੀ ਸਾਬੋ ਨਗਰ ਦੇ ਇੱਕ ਮਹੱਲੇ 'ਚ ਬੀਤੀ ਦੇਰ ਰਾਤ ਇੱਕ ਪਤੀ ਪਤਨੀ ਦੀ ਭੇਦਭਰੇ ਕਾਰਨਾਂ ਕਰਕੇ ਸਿਹਤ ਵਿਗੜ ਜਾਣ ਉਪਰੰਤ ਮੌਤ ਹੋ ਜਾਣ ਦੀ ਮੰਦਭਾਗੀ ਖਬਰ ਸਾਹਮਣੇ ਆਈ ਹੈ ਜਦੋਂਕਿ ਪੁਲਿਸ ਕੋਲ ਦਰਜ਼ ਕਰਵਾਏ ਬਿਆਨਾਂ ਚ ਮ੍ਰਿਤਕਾਂ ਦੇ ਪਰਿਵਾਰਿਕ ਮੈਂਬਰਾਂ ਨੇ ਦਾਅਵਾ ਕੀਤਾ ਕਿ ਦੋਵਾਂ ਨੇ ਭੁਲੇਖੇ ਨਾਲ ਕੋਈ ਜ਼ਿਹਰੀਲੀ ਵਸਤੂ ਨਿਗਲ ਲਈ ਜਿਸ ਕਾਰਣ ਉਨਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਨਗਰ ਦੇ ਮਹਿਰਮੀਆਂ ਭਾਈਚਾਰੇ ਨਾਲ ਸਬੰਧ ਰੱਖਦੇ ਰਮਨਦੀਪ ਸਿੰਘ (31) ਅਤੇ ਉਸਦੀ ਪਤਨੀ ਮਨਜੋਤ ਕੌਰ ਦੀ ਬੀਤੀ ਦੇਰ ਰਾਤ ਉਦੋਂ ਸਿਹਤ ਵਿਗੜ ਗਈ। ਜਦੋਂ ਦੋਵਾਂ ਨੂੰ ਉਲਟੀਆਂ ਲੱਗ ਗਈਆਂ। ਦੋਵਾਂ ਨੂੰ ਤੁਰੰਤ ਸ਼ਹੀਦ ਬਾਬਾ ਦੀਪ ਸਿੰਘ ਸਬ ਡਵੀਜ਼ਨਲ ਸਿਵਲ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਨੇ ਮਨਜੋਤ ਕੌਰ ਨੂੰ ਮ੍ਰਿਤਕ ਪਰਿਵਾਰ ਵੱਲੋਂ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਮੁਤਾਬਿਕ ਭੁਲੇਖੇ ਨਾਲ ਨਿਗਲੀ ਜ਼ਿਹਰੀਲੀ ਵਸਤੂ ਐਲਾਨ ਦਿੱਤਾ ਜਦੋਂਕਿ ਕੁਝ ਸਮੇਂ ਬਾਅਦ ਹੀ ਜ਼ੇਰੇ ਇਲਾਜ਼ ਰਮਨਦੀਪ ਸਿੰਘ ਦੀ ਵੀ ਮੌਤ ਹੋ ਗਈ। ਪਤਾ ਲੱਗਾ ਹੈ ਕਿ ਉਕਤ ਦੋਵਾਂ ਦਾ ਕਰੀਬ 11 ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਉੱਧਰ ਅੱਜ ਸਵੇਰੇ ਘਟਨਾ ਦਾ ਪਤਾ ਲੱਗਦਿਆਂ ਹੀ ਤਲਵੰਡੀ ਸਾਬੋ ਪੁਲਿਸ ਦੀ ਇੱਕ ਟੀਮ ਨੇ ਸਿਵਲ ਹਸਪਤਾਲ ਪਹੁੰਚ ਕੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਸੀ। ਦੇਰ ਸ਼ਾਮ ਸਮੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਹਰਬੰਸ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੇ ਪਰਿਵਾਰਿਕ ਮੈਂਬਰਾਂ ਨੇ ਪੁਲਿਸ ਕੋਲ ਬਿਆਨ ਦਰਜ਼ ਕਰਵਾਏ ਹਨ ਕਿ ਦੋਵਾਂ ਨੇ ਭੁਲੇਖੇ ਨਾਲ ਕੋਈ ਜ਼ਿਹਰੀਲੀ ਵਸਤੂ ਨਿਗਲ ਲਈ ਜਿਸ ਕਰਕੇ ਦੋਵਾਂ ਦੀ ਮੌਤ ਹੋ ਗਈ ਉਨਾਂ ਮੁਤਾਬਿਕ ਉਕਤ ਹਲਫਨਾਮੇ ਤੋਂ ਬਾਅਦ ਮੁਢਲੀ ਰਿਪੋਰਟ ਦਰਜ਼ ਕਰਕੇ ਲਾਸ਼ਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ ਹਨ। ਪਤੀ ਪਤਨੀ ਦੀ ਮੌਤ ਨਾਲ ਨਗਰ 'ਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### 328 ਪਾਵਨ ਸਰੂਪਾਂ ਦੇ ਮਾਮਲੇ 'ਚ ਬੋਲਣ 'ਤੇ ਪਾਬੰਦੀ

# ਸਿੱਖ ਅਸੂਲਾਂ, ਪੰਥਕ ਰਵਾਇਤਾਂ ਅਤੇ ਸੰਵਿਧਾਨਕ ਰੂਹ ਦੇ ਖਿਲਾਫ : ਪ੍ਰੋ. ਸਰਚਾਂਦ ਸਿੰਘ ਖਿਆਲਾ

**ਅੰਮ੍ਰਿਤਸਰ, 2 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ 'ਕਾਰਜਕਾਰੀ ਜਥੇਦਾਰ' ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਮੀਡੀਆ, ਸੋਸ਼ਲ ਮੀਡੀਆ ਅਤੇ ਸਮੂਹ ਧਿਰਾਂ 'ਤੇ ਬੋਲਣ ਲਈ ਲਗਾਈ ਗਈ ਪਾਬੰਦੀ 'ਤੇ ਸਖ਼ਤ ਇਤਰਾਜ਼ ਜਤਾਇਆ ਹੈ ਅਤੇ ਇਸ

## ਵਿਚਾਰ ਆਪੋ-ਆਪਣਾ



ਪਾਬੰਦੀ ਨੂੰ ਸਿੱਖੀ ਦੇ ਮੂਲ ਅਸੂਲਾਂ, ਪੰਥਕ ਪਰੰਪਰਾਵਾਂ ਅਤੇ ਭਾਰਤੀ ਸੰਵਿਧਾਨ ਦੀ ਰੂਹ ਨਾਲ ਸਿੱਧਾ ਟਕਰਾਅ ਕਰਾਰ ਦਿੱਤਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਸਿੱਖੀ ਦਾ ਬੁਨਿਆਦੀ ਸਿਧਾਂਤ ਹੈ, "ਸੱਚ ਕਹਿਣਾ, ਅਨਿਆਇ ਦੇ ਖਿਲਾਫ ਬੋਲਣਾ ਅਤੇ ਜ਼ੁਲਮ ਉੱਤੇ ਸਵਾਲ ਉਠਾਉਣਾ।" ਪੰਥਕ ਜੈਕਾਰਾ "ਜੋ ਬੋਲੇ ਸੋ ਨਿਹਾਲ" ਸਿਰਫ਼ ਨਾਅਰਾ ਨਹੀਂ, ਬਲਕਿ ਸਿੱਖੀ ਦੀ ਜਾਗਰੂਕਤਾ, ਦ੍ਰਿੜਤਾ ਅਤੇ ਨੈਤਿਕ ਹਿੰਮਤ ਦਾ ਪ੍ਰਤੀਕ ਹੈ। ਇਸ ਅਸੂਲ ਦੇ ਉਲਟ, ਬੋਲਣ ਵਾਲਿਆਂ ਦੇ ਮੂੰਹ 'ਤੇ "ਛਿੱਕੂ ਪਾਉਣ" ਦੀ ਸੋਚ ਸਿੱਖ ਪਰੰਪਰਾ ਨਾਲ ਮੇਲ ਨਹੀਂ ਖਾਂਦੀ।

ਉਨ੍ਹਾਂ ਕਿਹਾ ਕਿ ਇਹ ਸਪਸ਼ਟ ਕੀਤਾ ਜਾਣਾ ਜ਼ਰੂਰੀ ਹੈ ਕਿ ਜਥੇਦਾਰ ਦਾ ਅਧਿਕਾਰ ਖੇਤਰ ਸਿੱਧਾਂਤ ਅਤੇ ਧਾਰਮਿਕ ਮਰਯਾਦਾ ਦੀ ਰਾਖੀ ਦਾ ਹੈ, ਨਾ ਕਿ ਮੀਡੀਆ ਦੀ ਆਜ਼ਾਦੀ, ਲੋਕਤੰਤਰਕ ਸਵਾਲਾਂ ਅਤੇ ਨਾਗਰਿਕ ਅਧਿਕਾਰਾਂ ਨੂੰ ਰੋਕਣ ਦਾ। ਪ੍ਰੋ. ਖਿਆਲਾ ਨੇ ਕਿਹਾ ਕਿ 328 ਪਾਵਨ ਸਰੂਪਾਂ ਦਾ ਮਾਮਲਾ ਕਿਸੇ ਇੱਕ ਸੰਸਥਾ ਜਾਂ ਸਰਕਾਰ ਦਾ ਨਹੀਂ, ਬਲਕਿ ਸਮੂਹ ਪੰਥ ਅਤੇ ਕੌਮ ਦੀ ਸਾਂਝੀ ਚਿੰਤਾ ਹੈ। ਇਸ ਮਾਮਲੇ 'ਚ ਸ਼੍ਰੋਮਣੀ ਕਮੇਟੀ ਅਤੇ ਸਰਕਾਰੀ ਨਿਜਾਮ ਦੀ ਭੂਮਿਕਾ ਅਤੇ ਪ੍ਰਸ਼ਾਸਕੀ ਕਮੀਆਂ ਉੱਤੇ ਸਵਾਲ ਉਠਾਉਣਾ ਨਾ ਤਾਂ ਕੋਈ ਕੁਤਾਹੀ ਹੈ ਅਤੇ ਨਾ ਹੀ ਬੇਅਦਬੀ, ਸਗੋਂ ਇਹ ਪੰਥਕ ਫ਼ਰਜ਼ ਹੈ।

ਉਨ੍ਹਾਂ ਕਿਹਾ ਕਿ "ਮੀਡੀਆ ਟ੍ਰਾਇਲ" ਦੇ ਨਾਂ 'ਤੇ ਪੂਰੀ ਮੀਡੀਆ ਆਵਾਜ਼ ਨੂੰ ਚੁੱਪ ਕਰਵਾਉਣਾ, ਨਾ ਤਾਂ ਸੱਚ ਦੀ ਰਾਖੀ ਕਰਦਾ ਹੈ ਅਤੇ ਨਾ ਹੀ ਸਿੱਖ ਭਾਵਨਾਵਾਂ ਦੀ। ਸੱਚ ਦੀ ਰਾਖੀ ਪਾਰਦਰਸ਼ਤਾ, ਜਵਾਬਦੇਹੀ ਅਤੇ ਖੁੱਲੇ ਸੰਵਾਦ ਨਾਲ ਹੁੰਦੀ ਹੈ, ਪਾਬੰਦੀਆਂ ਨਾਲ ਨਹੀਂ।

ਪ੍ਰੋ. ਖਿਆਲਾ ਨੇ ਕਿਹਾ ਕਿ ਇਹ ਵੀ ਚਿੰਤਾਜਨਕ ਹੈ ਕਿ ਇੱਕ ਪਾਸੇ ਜਾਂਚ ਏਜੰਸੀਆਂ, ਅਤੇ ਸ੍ਰੋਮਣੀ ਕਮੇਟੀ ਸ਼ੱਕ ਦੇ ਘੇਰੇ 'ਚ ਹੋਣ ਅਤੇ ਦੂਜੇ ਪਾਸੇ ਸਿੱਖ ਬੁੱਧੀਜੀਵੀ, ਪੱਤਰਕਾਰ ਅਤੇ ਸੰਗਤ ਨੂੰ ਚੁੱਪ ਰਹਿਣ ਲਈ ਕਿਹਾ ਜਾਵੇ। ਇਹ ਦੋਹਰਾ ਮਾਪਦੰਡ ਨਿਰਾਸ਼ਾਜਨਕ ਅਤੇ ਅਸਵੀਕਾਰਯੋਗ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਬੋਚ ਅਥਾਰਟੀ ਹੈ, ਪਰ ਉਸ ਦੀ ਮਹਾਨਤਾ ਡਰ ਜਾਂ ਪਾਬੰਦੀ ਰਾਹੀ ਖਾਮੋਸ਼ ਕਰਨ ਨਾਲ ਨਹੀਂ, ਬਲਕਿ ਸੱਚ, ਨਿਆਂ ਅਤੇ ਨਿਡਰ ਆਵਾਜ਼ ਨਾਲ ਕਾਇਮ ਰਹਿੰਦੀ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਉੱਤੇ ਪੰਥਕ ਪਦਵੀਆਂ ਦਾ ਮਾਣ ਅਤੇ ਪਰੰਪਰਾਵਾਂ-ਰਵਾਇਤਾਂ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਹੈ, ਉਹੀ ਲੋਕ ਅੱਜ ਸਿਆਸੀ ਢਾਲ ਬਣ ਕੇ ਸਿੱਖੀ ਭਾਵਨਾਵਾਂ ਅਤੇ ਸਿਧਾਂਤਾਂ ਦਾ ਘਾਣ ਕਰ ਰਹੇ ਹਨ। ਮਰਯਾਦਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਸਿਆਸਤ ਤੋਂ ਪ੍ਰੇਰਿਤ ਫੈਸਲਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਭਾ ਅਤੇ ਜਥੇਦਾਰੀ ਦੇ ਰੁਤਬੇ ਨੂੰ ਗੰਭੀਰ ਢਾਹ ਲਾਈ ਹੈ। ਉਨ੍ਹਾਂ ਪੰਥਕ ਪਦਵੀਆਂ 'ਤੇ ਬਿਰਾਜਮਾਨ ਸ਼ਖਸੀਅਤਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਿਆਸੀ ਧਿਰ ਜਾਂ ਸਿਆਸੀ ਏਜੰਡੇ ਦਾ ਸੰਦ ਨਾ ਬਣਨ, ਬਲਕਿ ਪੰਥਕ ਮਰਯਾਦਾ, ਸਿੱਖ ਅਸੂਲਾਂ ਅਤੇ ਗੁਰੂ ਸਾਹਿਬ ਦੀ ਬਖ਼ਸ਼ੀ ਜ਼ਿੰਮੇਵਾਰੀ ਦੇ ਅਨੁਸਾਰ ਹੀ ਆਪਣੀ ਭੂਮਿਕਾ ਨਿਭਾਉਣ।

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਅੰਤ ਵਿੱਚ ਸਪਸ਼ਟ ਕੀਤਾ ਕਿ ਸਿੱਖੀ ਅਸੂਲਾਂ ਅਨੁਸਾਰ ਸੱਚ ਬੋਲਣਾ, ਸਵਾਲ ਪੁੱਛਣਾ ਅਤੇ ਜਵਾਬ ਮੰਗਣਾ ਨਾ ਤਾਂ ਗੁਸਤਾਖੀ ਹੈ ਅਤੇ ਨਾ ਹੀ ਬਗਾਵਤ—ਇਹੀ ਗੁਰੂ ਦੀ ਸਿੱਖਿਆ ਹੈ।

# ਆਸ਼ਾਵਾਦ ਦਾ ਵਿਗਿਆਨ ਅਤੇ ਮਹੱਤਵ

ਆਸ਼ਾਵਾਦ ਨੂੰ ਵਿਸ਼ਾਲ ਤੌਰ 'ਤੇ ਇੱਕ ਵਿਅਕਤੀ ਦੀ ਆਮ ਉਮੀਦ ਅਤੇ ਵਿਸ਼ਵਾਸ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਜੀਵਨ ਵਿੱਚ ਚੰਗੀਆਂ ਚੀਜ਼ਾਂ ਹੋਣਗੀਆਂ। ਆਸ਼ਾਵਾਦ ਨੂੰ ਦਰਸ਼ਨ, ਧਰਮ ਅਤੇ ਮਨੋਵਿਗਿਆਨ ਵਿੱਚ ਲੰਬੇ ਸਮੇਂ ਤੋਂ ਇੱਕ ਅਹਿਮ ਅੰਗ ਮੰਨਿਆ ਗਿਆ ਹੈ। ਪ੍ਰਾਚੀਨ ਸਿੱਖਿਆ ਤੋਂ ਲੈ ਕੇ ਆਧੁਨਿਕ ਸਕਾਰਾਤਮਕ ਮਨੋਵਿਗਿਆਨ ਤੱਕ, ਆਸ਼ਾਵਾਦ ਨੂੰ ਬਾਹਰੀ ਅਤੇ ਅੰਦਰੂਨੀ ਸ਼ੰਕਿਆਂ ਨੂੰ ਦੂਰ ਕਰਨ ਅਤੇ ਨਿੱਜੀ ਵਿਕਾਸ ਲਈ ਇੱਕ ਪ੍ਰੇਰਕ ਵਜੋਂ ਦੇਖਿਆ ਗਿਆ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਦੁਨੀਆਂ ਭਰ ਵਿੱਚ ਕੀਤੇ ਗਏ



ਵਿਗਿਆਨਕ ਅਧਿਐਨ ਨੇ ਆਸ਼ਾਵਾਦ ਨੂੰ ਨਾ ਸਿਰਫ ਇੱਕ ਮਨੋਵਿਗਿਆਨਕ ਸੋਚ ਵਜੋਂ ਸਬੂਤ ਦਿੱਤਾ ਹੈ, ਬਲਕਿ ਇਸ ਨੂੰ ਇੱਕ ਮਾਪਣਯੋਗ ਮਨੋਵਿਗਿਆਨਕ ਗੁਣ ਵਜੋਂ ਵੀ ਸਾਬਤ ਕੀਤਾ ਹੈ ਜਿਸਦਾ ਮਨੁੱਖੀ ਸਿਹਤ, ਸੋਚ ਅਤੇ ਸਮਾਜਿਕ ਵਿਕਾਸ 'ਤੇ ਸਕਾਰਾਤਮਕ ਪ੍ਰਭਾਵ ਹੁੰਦਾ ਹੈ।

**ਆਸ਼ਾਵਾਦ ਨੂੰ ਵਿਕਸਤ ਕਰਨ ਦੀਆਂ ਰਣਨੀਤੀਆਂ ਅਤੇ ਅਭਿਆਸ**-ਆਸ਼ਾਵਾਦ ਸਿਰਫ ਇੱਕ ਵਿਰਾਸਤੀ ਗੁਣ ਨਹੀਂ ਹੈ ਜੋ ਪਿੱਤਰੀ ਗੁਣਾਂ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, ਬਲਕਿ ਇਸਨੂੰ ਦ੍ਰਿੜ ਇਰਾਦੇ ਵਾਲੇ ਅਭਿਆਸਾਂ ਦੁਆਰਾ ਵਿਕਸਤ ਅਤੇ ਮਜ਼ਬੂਤ ਕੀਤਾ ਜਾ ਸਕਦਾ ਹੈ। ਮਨੋਵਿਗਿਆਨੀਆਂ ਨੇ ਕਈ ਸਬੂਤ-ਅਧਾਰਿਤ ਪਹੁੰਚਾਂ ਦੀ ਸਿਫਾਰਿਸ਼ ਕੀਤੀ ਹੈ। ਜਿਨ੍ਹਾਂ ਵਿੱਚੋਂ ਕੁਝ ਹੇਠਾਂ ਦਿੱਤੇ ਗਏ ਹਨ:

**ਕੋਗਨਿਟਿਵ ਰੀਫਰੇਮਿੰਗ**: ਇਹ ਪਹੁੰਚ ਮਨ ਨੂੰ ਨਕਾਰਾਤਮਕ ਸਥਿਤੀਆਂ ਨੂੰ ਨਿਰਮਾਣਾਤਮਕ ਤਰੀਕੇ ਨਾਲ ਦੁਬਾਰਾ ਵਿਆਖਿਆ ਕਰਨ ਦੀ ਟ੍ਰੇਨਿੰਗ ਨਾਲ ਜੁੜੀ ਹੋਈ ਹੈ। ਉਦਾਹਰਨ ਵਜੋਂ ਅਸਫਲਤਾ ਨੂੰ ਹਾਰ ਵਜੋਂ ਦੇਖਣ ਦੀ ਬਜਾਏ, ਆਸ਼ਾਵਾਦ ਅਸਫਲਤਾ ਨੂੰ ਸਿੱਖਣ ਦੇ ਮੌਕੇ ਵਜੋਂ ਦੇਖਦਾ ਹੈ।

**ਰਿਣ ਆਤਮਿਕਤਾ ਦੇ ਅਭਿਆਸ**: ਇੱਕ ਜਾਂ ਛੋਟੀ-ਛੋਟੀ ਸਕਾਰਾਤਮਕ ਚੀਜ਼ਾਂ ਨੂੰ ਜਾਣ-ਪਛਾਣ ਕਰਨਾ ਸਕਾਰਾਤਮਕ ਸੋਚ ਨੂੰ ਵਧਾਉਂਦਾ ਹੈ। ਇਹ ਆਦਤ, ਜੇਕਰ ਲਗਾਤਾਰਤਾ ਨਾਲ ਕੀਤੀ ਜਾਏ ਤਾਂ ਮਨ ਅਤੇ ਦਿਲ ਲਈ ਇੱਕ ਖੇਡ ਬਦਲਣ ਵਾਲੀ ਹੋ ਸਕਦੀ ਹੈ।

**ਮਾਈਂਡਫੁਲਨੈੱਸ ਅਤੇ ਧਿਆਨ**: ਧਿਆਨ ਅਤੇ ਮਾਈਂਡਫੁਲਨੈੱਸ ਦੇ ਛੋਟੇ ਸੈਸ਼ਨ ਨਕਾਰਾਤਮਕ ਊਰਜਾ ਨੂੰ ਘੱਟਾਉਂਦੇ ਹਨ ਅਤੇ ਵਰਤਮਾਨ ਪਲਾਂ ਦੇ ਮੌਕੇ ਦੀ ਜਾਣਕਾਰੀ ਨੂੰ ਮਜ਼ਬੂਤ ਕਰਦੇ ਹਨ।

**ਸਕਾਰਾਤਮਕ ਟੀਚੇ ਨਿਰਧਾਰਿਤ ਕਰਨਾ**: ਮਨ ਅਤੇ ਖੁਦ ਦੀ ਇੱਛਾਵਾਂ ਨੂੰ ਪ੍ਰਾਪਤੀਯੋਗ ਟੀਚੇ ਬਣਾਉਣ ਲਈ ਟ੍ਰੇਨ ਕੀਤਾ ਜਾਣਾ ਚਾਹੀਦਾ ਹੈ ਜੋ ਉਮੀਦ, ਦਿਸ਼ਾ ਅਤੇ ਸਕਰਾਤਮਕਤਾ ਦੀ ਭਾਵਨਾ ਨੂੰ ਪੈਦਾ ਕਰਦਾ ਹੈ।

**ਸਮਾਜਿਕ ਜਾਲ**: ਆਪਣੇ ਆਪ ਨੂੰ ਸਮਰਥਕ ਅਤੇ ਸਕਾਰਾਤਮਕ ਵਿਅਕਤੀਆਂ ਨਾਲ ਘੇਰਨ ਦੀ ਕੋਸ਼ਿਸ਼ ਕਰੋ ਜੋ ਹਮੇਸ਼ਾ ਆਸ਼ਾਵਾਦੀ ਪੈਟਰਨਾਂ ਨੂੰ ਮਜ਼ਬੂਤ ਕਰਦੇ ਹਨ। ਇਹ ਤਕਨੀਕਾਂ ਕੋਗਨਿਟਿਵ-ਬਿਹੇਵੀਅਰਲ ਥੈਰੇਪੀ ਦੇ ਨਿਯਮਾਂ ਨਾਲ ਮੇਲ ਖਾਂਦੀਆਂ ਹਨ, ਜਿਸ ਦਾ ਸੁਝਾਅ ਹੈ ਕਿ ਆਸ਼ਾਵਾਦ ਨੂੰ ਯਾਦਗਾਰੀ ਤੌਰ 'ਤੇ ਵਿਕਸਤ ਕੀਤਾ ਜਾ ਸਕਦਾ ਹੈ ਨਾ ਕਿ ਇਸ ਨੂੰ ਕਿਸੇ ਸੰਭਾਵਨਾ 'ਤੇ ਛੱਡਿਆ ਜਾਵੇ।

**ਆਸ਼ਾਵਾਦ ਦੇ ਫ਼ਾਇਦੇ** -ਦੁਨੀਆ ਭਰ ਵਿੱਚ ਸਿਹਤ ਵਿਗਿਆਨ ਅਤੇ ਮਨੋਵਿਗਿਆਨ ਦੇ ਖੇਤਰ ਵਿੱਚ ਕੀਤੇ ਗਏ ਅਧਿਐਨ ਨੇ ਆਸ਼ਾਵਾਦ ਦੇ ਕਈ ਫ਼ਾਇਦਿਆਂ ਨੂੰ ਦਰਸਾਇਆ ਹੈ:

**ਸਰੀਰਕ ਸਿਹਤ**:ਆਸ਼ਾਵਾਦੀ ਵਿਅਕਤੀਆਂ ਵਿੱਚ ਦਿਲ ਦੀਆਂ ਬਿਮਾਰੀਆਂ ਦੀ ਦਰ ਘੱਟ ਹੁੰਦੀ ਹੈ, ਇਮਿਊਨ ਫੰਕਸ਼ਨ ਮਜ਼ਬੂਤ ਹੁੰਦਾ ਹੈ ਅਤੇ ਜੀਵਨ ਕਾਲ ਲੰਬਾ ਹੁੰਦਾ ਹੈ।

**ਮਨੋਵਿਗਿਆਨਕ ਸੁੱਖ**: ਆਸ਼ਾਵਾਦ ਨਾਲ ਚਿੰਤਾ ਦੀ ਘਾਟ, ਡਿਪ੍ਰੈਸ਼ਨ ਦੀ ਘੱਟ ਦਰ ਅਤੇ ਜੀਵਨ ਸੰਤੁਸ਼ਟੀ ਵਿੱਚ ਵਾਧਾ ਹੋਣ ਦਾ ਮਜ਼ਬੂਤ ਸੰਬੰਧ ਹੈ।

**ਹੱਲ ਕੱਢਣ ਲਈ ਕੇਂਦਰਿਤ**: ਆਸ਼ਾਵਾਦੀ ਵਿਅਕਤੀ ਤਣਾਅ, ਨੁਕਸਾਨ ਜਾਂ ਟ੍ਰੌਮਾ ਨਾਲ ਦਲੇਰਾਨਾ ਢੰਗ ਨਾਲ ਜੂਝਦੇ ਹਨ, ਉਹ ਸਮੱਸਿਆਵਾਂ 'ਤੇ ਖੜ੍ਹੇ ਰਹਿਣ ਦੀ ਬਜਾਏ ਹੱਲਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ।

**ਉਤਪਾਦਕਤਾ ਅਤੇ ਪ੍ਰਾਪਤੀ**: ਸਕਾਰਾਤਮਕ ਉਮੀਦਾਂ ਪ੍ਰੇਰਣਾ, ਸਮੱਸਿਆ ਹੱਲ ਕਰਨ ਦੀਆਂ ਕੌਸ਼ਲਾਂ ਅਤੇ ਧੀਰਜ ਨੂੰ ਵਧਾਉਂਦੀਆਂ ਹਨ, ਜਿਸ ਨਾਲ ਵੱਧ ਅਕਾਦਮਿਕ ਅਤੇ ਪੇਸ਼ੇਵਰ ਸਫਲਤਾ ਮਿਲਦੀ ਹੈ।

**ਸਮਾਜਿਕ ਸਮਰੂਪਤਾ**: ਆਸ਼ਾਵਾਦੀ ਵਿਅਕਤੀ ਆਪਣੀ ਉਮੀਦ ਅਤੇ ਸਮਰਥਕ ਦ੍ਰਿਸ਼ਟੀਕੋਣ ਕਾਰਨ ਮਜ਼ਬੂਤ ਰਿਸ਼ਤੇ ਬਣਾਉਂਦੇ ਹਨ।

ਆਸ਼ਾਵਾਦ ਦੇ ਨੁਕਸਾਨ-ਜਦੋਂ ਕਿ ਆਸ਼ਾਵਾਦ ਬਹੁਤ ਫਾਇਦੇਮੰਦ ਹੈ, ਪਰ ਬੇਹਿਸਾਬ ਜਾਂ ਅਣਉਚਿਤ ਆਸ਼ਾਵਾਦ ਖ਼ਤਰੇ ਪੈਦਾ ਕਰ ਸਕਦਾ ਹੈ:

ਅਤਿਵਿਸ਼ਵਾਸ: ਜ਼ਿਆਦਾ ਆਸ਼ਾਵਾਦ ਵਿਅਕਤੀਆਂ ਨੂੰ ਖ਼ਤਰਿਆਂ ਦੀ ਘੱਟ ਕੀਮਤ ਲਗਾਉਣ ਲਈ ਪ੍ਰੇਰਿਤ ਕਰ ਸਕਦਾ ਹੈ, ਜਿਸ ਨਾਲ ਗਲਤ ਫੈਸਲੇ ਹੋ ਸਕਦੇ ਹਨ।

ਸਾਵਧਾਨੀ ਦੀ ਘਾਟ: ਮੁਸ਼ਕਿਲ ਸਥਿਤੀਆਂ ਵਿੱਚ ਚੀਜ਼ਾਂ ਠੀਕ ਹੋ ਜਾਣਗੀਆਂ 'ਤੇ ਸਦਾ ਯਕੀਨ ਕਰਨ ਨਾਲ ਸਿਹਤ ਜਾਂ ਵਿੱਤੀ ਸੁਰੱਖਿਆ ਦੀ ਲੋੜ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ।

ਨਿਰਾਸ਼ਾ: ਨਤੀਜ਼ਿਆਂ ਦਾ ਲਗਾਤਾਰ ਜ਼ਿਆਦਾ ਅੰਦਾਜ਼ਾ ਲਗਾਉਣਾ ਉਸ ਵੇਲੇ ਨਿਰਾਸ਼ਾ ਵੱਧਾ ਸਕਦਾ ਹੈ ਜਦੋਂ ਹਕੀਕਤ ਪੂਰਕ ਸਫਲਤਾ ਤੋਂ ਹੇਠਾਂ ਰਹਿੰਦੀ ਹੈ।

ਸਮਾਜਿਕ ਗਲਤਫਹਮੀ: ਆਸ਼ਾਵਾਦੀ ਪੱਖਪਾਤ ਵਿਅਕਤੀਆਂ ਨੂੰ ਦੂਜੇ ਲੋਕਾਂ ਦੇ ਨੁਕਸਾਨਦਾਇਕ ਇਰਾਦਿਆਂ ਜਾਂ ਪ੍ਰਣਾਲੀਗਤ ਚੁਣੌਤੀਆਂ ਤੋਂ ਅੰਨ੍ਹਾ ਕਰ ਸਕਦਾ ਹੈ। ਇਸ ਲਈ, ਆਸ਼ਾਵਾਦ ਸਭ ਤੋਂ ਵਧੀਆ ਹੁੰਦਾ ਹੈ ਜਦੋਂ ਇਹ ਯਥਾਰਥ ਮੁਲਾਂਕਣ ਨਾਲ ਸੰਤੁਲਿਤ ਹੁੰਦਾ ਹੈ, ਜਿਸਨੂੰ ਮਨੋਵਿਗਿਆਨੀ ਯਥਾਰਥ ਆਸ਼ਾਵਾਦ ਕਹਿੰਦੇ ਹਨ।

ਆਸ਼ਾਵਾਦ ਅਤੇ ਮਨੁੱਖੀ ਵਿਕਾਸ-ਇੱਕ ਵਿਕਾਸਾਤਮਕ ਦ੍ਰਿਸ਼ਟੀਕੋਣ ਤੋਂ, ਆਸ਼ਾਵਾਦ ਨੇ ਮਨੁੱਖੀ ਜੀਵਨ ਨੂੰ ਬਚਾਉਣ ਵਿੱਚ ਯੋਗਦਾਨ ਪਾਇਆ ਹੋ ਸਕਦਾ ਹੈ। ਉਮੀਦਵਾਰ ਵਿਅਕਤੀ ਮੁਸ਼ਕਿਲਾਂ ਵਿੱਚ ਡੱਟੇ ਰਹਿਣ ਦੇ ਯੋਗ ਹੁੰਦੇ ਹਨ, ਸਹਿਯੋਗੀ ਸਮਾਜਿਕ ਬੰਧਨ ਬਣਾਉਂਦੇ ਹਨ ਅਤੇ ਦਬਾਅ ਦੇ ਹੇਠਾਂ ਨਵੇਂ ਵਿਚਾਰ ਅਤੇ ਤਕਨੀਕਾਂ ਦਾ ਨਿਰਮਾਣ ਕਰਦੇ ਹਨ। ਆਸ਼ਾਵਾਦ ਅੰਦਰੂਨੀ ਪ੍ਰੇਰਣਾ ਨੂੰ ਵੱਧਾਉਂਦਾ ਹੈ ਅਤੇ ਰਚਨਾਤਮਕਤਾ, ਅਨੁਕੂਲਤਾ ਅਤੇ ਸਮੱਸਿਆ ਹੱਲ ਕਰਨ ਵਾਲੀਆਂ ਕੌਸ਼ਲਾਂ ਨੂੰ ਉਤਸ਼ਾਹਿਤ ਕਰਦਾ ਹੈ ਜੋ ਮਨੁੱਖੀ ਪ੍ਰਗਤੀ ਦੇ ਸਹਾਇਕ ਗੁਣ ਹਨ। ਸਕਾਰਾਤਮਕ ਨਤੀਜ਼ਿਆਂ ਦੀ ਉਮੀਦ ਕਰਕੇ ਵਿਅਕਤੀ ਗਣਨਾ ਕੀਤੇ ਖ਼ਤਰਿਆਂ ਨੂੰ ਮੌਕੇ 'ਤੇ ਲੈ ਜਾਣ ਲਈ ਵੱਧ ਪ੍ਰੇਰਿਤ ਹੁੰਦੇ ਹਨ ਜੋ ਇਤਿਹਾਸਕ ਤੌਰ 'ਤੇ ਖੋਜ, ਵਿਗਿਆਨ ਅਤੇ ਸਭਿਆਚਾਰ ਨੂੰ ਅੱਗੇ ਵੱਧਾਉਣ ਵਾਲਾ ਗੁਣ ਹੈ।

ਆਸ਼ਾਵਾਦ ਦੇ ਵਿਗਿਆਨਕ ਆਧਾਰ-ਆਸ਼ਾਵਾਦ ਸਿਰਫ ਇੱਕ ਦਰਸ਼ਨਾਤਮਕ ਆਈਡੀਆ ਨਹੀਂ ਹੈ; ਇਸਦੇ ਪਿੱਛੇ ਮਾਪਣਯੋਗ ਜੀਵ ਵਿਗਿਆਨਕ ਅਤੇ ਤੰਤ੍ਰਿਕ ਆਧਾਰ ਹਨ:

ਨਿਊਰੋਸਾਇੰਸ: ਫੰਕਸ਼ਨਲ ਐਮਆਰਆਈ ਸਕੈਨਾਂ ਦੇ ਅਧਿਐਨ ਨੇ ਦਰਸਾਇਆ ਹੈ ਕਿ ਆਸ਼ਾਵਾਦੀ ਸੋਚ ਪੂਰਵ ਫਰੰਟਲ ਕੋਰਟੈਕਸ ਅਤੇ ਸਟ੍ਰਾਇਟਮ ਖ਼ੇਤਰਾਂ ਨੂੰ ਸਰਗਰਮ ਕਰਦੀ ਹੈ ਜੋ ਇਨਾਮ ਪ੍ਰਕਿਰਿਆ ਅਤੇ ਫ਼ੈਸਲਾ ਕਰਨ ਵਿੱਚ ਸ਼ਾਮਲ ਹੁੰਦੇ ਹਨ।

ਜੀਵ ਰਸਾਇਣ: ਆਸ਼ਾਵਾਦੀਆਂ ਦੇ ਕੋਲ ਕਮ ਕੋਰਟੀਜ਼ੋਲ (ਤਣਾਅ ਦਾ ਹਾਰਮੋਨ) ਪੱਧਰ ਅਤੇ ਵੱਧ ਸੇਰੋਟੋਨਿਨ ਹੁੰਦਾ ਹੈ ਜੋ ਭਾਵਨਾਤਮਕ ਸੰਤੁਲਨ ਵਿੱਚ ਸੁਧਾਰ ਕਰਨ ਵਿੱਚ ਸਹਾਇਕ ਹੁੰਦਾ ਹੈ।

ਜੀਨਾਤਮਕਤਾ: ਕੁਝ ਜੀਨਜ਼ ਦੇ ਵੱਖਰੇਪਣ, ਜਿਵੇਂ ਕਿ ਡੋਪਾਮਾਈਨ ਪਾਥਵੇਜ਼ ਨੂੰ ਪ੍ਰਭਾਵਿਤ ਕਰਨ ਵਾਲੇ, ਆਸ਼ਾਵਾਦ ਵੱਲ ਢੱਲਣ ਦੀ ਪ੍ਰਵਿਰਤੀ 'ਤੇ ਅਸਰ ਪਾਉਂਦੇ ਹਨ।

ਸਕਾਰਾਤਮਕ ਮਨੋਵਿਗਿਆਨ ਅਧਿਐਨ: ਲੰਬੇ ਸਮੇਂ ਦੇ ਅਧਿਐਨਾਂ ਨੇ ਇਹ ਪੁਸ਼ਟੀ ਕੀਤੀ ਹੈ ਕਿ ਆਸ਼ਾਵਾਦ ਲੰਬਾਈ ਅਤੇ ਸਿਹਤ ਦੇ ਨਤੀਜ਼ਿਆਂ ਨੂੰ ਆਰਥਿਕ ਸਥਿਤੀ ਤੋਂ ਬਿਨਾਂ ਭਵਿੱਖਬਾਣੀ ਕਰਦਾ ਹੈ।

ਇਹ ਸਾਰੇ ਖੋਜਾਂ ਇਹ ਦਰਸਾਉਂਦੀਆਂ ਹਨ ਕਿ ਆਸ਼ਾਵਾਦ ਸਿਰਫ ਇੱਕ ਖਿਆਲੀ ਸੋਚ ਨਹੀਂ ਹੈ, ਬਲਕਿ ਇਹ ਜੀਵ ਵਿਗਿਆਨ ਅਤੇ ਮਨੋਵਿਗਿਆਨ ਵਿੱਚ ਮਾਪਣਯੋਗ ਗੁਣ ਹੈ। ਆਸ਼ਾਵਾਦ ਦ੍ਰਿਸ਼ਟੀ ਦੀ ਇੱਕ ਕਲਾ ਅਤੇ ਲਚਕੀਲੇਪਣ ਦਾ ਇੱਕ ਵਿਗਿਆਨ ਹੈ। ਜਦੋਂ ਇਸਨੂੰ ਸੋਚ ਸਮਝ ਕੇ ਵਿਕਸਤ ਕੀਤਾ ਜਾਂਦਾ ਹੈ, ਤਾਂ ਇਹ ਸਰੀਰਕ ਸਿਹਤ, ਮਨੋਵਿਗਿਆਨਕ ਤਾਕਤ ਅਤੇ ਸਮਾਜਿਕ ਸਾਂਝ ਨੂੰ ਵੱਧਾਉਂਦਾ ਹੈ, ਜਿਸ ਨਾਲ ਵਿਅਕਤੀਆਂ ਨੂੰ ਦਿਆਲੂ ਮਨੁੱਖ ਬਣਨ ਦੀ ਦਿਸ਼ਾ ਮਿਲਦੀ ਹੈ। ਪਰ, ਬੇਹੱਦ ਆਸ਼ਾਵਾਦ ਗਲਤ ਫ਼ੈਸਲਿਆਂ ਨੂੰ ਜਨਮ ਦੇ ਸਕਦਾ ਹੈ, ਇਸ ਲਈ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਆਧੁਨਿਕ ਵਿਗਿਆਨ ਇਹ ਸਾਬਤ ਕਰਦਾ ਹੈ ਕਿ ਆਸ਼ਾਵਾਦ ਨਾ ਤਾਂ ਨਾਸਮਝੀ ਹੈ ਅਤੇ ਨਾ ਹੀ ਕਲਪਨਾ, ਜੀਵ ਵਿਗਿਆਨ ਅਤੇ ਮਨੋਵਿਗਿਆਨ ਵਿੱਚ ਆਸ਼ਾਵਾਦ ਇੱਕ ਮਾਪਣਯੋਗ ਗੁਣ ਹੈ। ਜਦੋਂ ਸਮਾਜ ਅਨਿਸ਼ਚਿਤਤਾ ਦਾ ਸਾਹਮਣਾ ਕਰਦਾ ਹੈ ਵਿਸ਼ਵ ਸਿਹਤ ਸੰਕਟ ਤੋਂ ਲੈ ਕੇ ਮੌਸਮੀ ਚੁਣੌਤੀਆਂ ਤੱਕ ਆਸ਼ਾਵਾਦ ਜੋ ਹਕੀਕਤ ਨਾਲ ਸੰਤੁਲਿਤ ਕੀਤਾ ਗਿਆ ਹੈ, ਨਾਂ ਸਿਰਫ ਇੱਕ ਨਿੱਜੀ ਗੁਣ ਵਜੋਂ, ਬਲਕਿ ਮਨੁੱਖੀ ਵਿਕਾਸ ਲਈ ਇਕ ਸਮੂਹਿਕ ਜ਼ਰੂਰਤ ਵਜੋਂ ਉਭਰਦਾ ਹੈ।

**-ਡਾ. ਸੁਰਿੰਦਰਪਾਲ ਸਿੰਘ , ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਮੋਹਾਲੀ 'ਚ ਗੋਲੀਬਾਰੀ ਦਾ ਸਿਲਸਿਲਾ ਜਾਰੀ, ਹੁਣ ਫਿਰ ਚੱਲੀਆਂ ਤਾਬੜਤੋੜ ਗੋਲੀਆਂ, ਨੌਜਵਾਨ ਦੀ ਮੌਤ

**ਮੋਹਾਲੀ, 2 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮੋਹਾਲੀ ਦੇ ਢਕੋਲੀ ਦੇ ਕਿਸ਼ਨਪੁਰਾ ਇਲਾਕੇ ਵਿੱਚ ਦੇਰ ਰਾਤ ਹੋਈ ਗੋਲੀਬਾਰੀ ਵਿੱਚ 24 ਸਾਲਾ ਪ੍ਰਿੰਸ ਦੀ ਮੌਤ ਹੋ ਗਈ। ਇਸ ਘਟਨਾ ਵਿੱਚ 42 ਸਾਲਾ ਭਾਰਤ ਭੂਸ਼ਣ ਗੰਭੀਰ ਜ਼ਖਮੀ ਹੋ ਗਿਆ, ਉਸਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਇਹ ਘਟਨਾ ਹੋਟਲ ਸਵੈਨ-2 ਦੇ ਨੇੜੇ ਵਾਪਰੀ। ਪੁਲਿਸ ਦੇ ਅਨੁਸਾਰ, ਇਹ ਘਟਨਾ ਸੜਕ 'ਤੇ ਇੱਕ ਵਾਹਨ ਨੂੰ ਓਵਰਟੇਕ ਕਰਨ ਨੂੰ ਲੈ ਕੇ ਹੋਏ ਝਗੜੇ ਤੋਂ ਬਾਅਦ ਵਾਪਰੀ। ਮਾਮੂਲੀ ਝਗੜਾ ਤੇਜ਼ੀ ਨਾਲ ਵਧ ਗਿਆ, ਜਿਸ ਤੋਂ ਬਾਅਦ ਢਕੋਲੀ ਦੇ ਰਾਧੇ ਹੋਮਜ਼ ਸੋਸਾਇਟੀ ਦੇ ਨਿਵਾਸੀ ਕੁਲਦੀਪ ਸਿੰਘ ਨੇ ਕਥਿਤ ਤੌਰ 'ਤੇ ਆਪਣੇ ਸਾਥੀਆਂ ਨੂੰ ਬੁਲਾਇਆ ਅਤੇ ਅਚਾਨਕ ਗੋਲੀਬਾਰੀ ਕਰ ਦਿੱਤੀ। ਗੋਲੀ ਲੱਗਣ ਨਾਲ ਪ੍ਰਿੰਸ ਗੰਭੀਰ ਜ਼ਖਮੀ ਹੋ ਗਿਆ ਅਤੇ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਭਾਰਤ ਭੂਸ਼ਣ ਨੂੰ ਵੀ ਗੋਲੀ ਲੱਗੀ ਅਤੇ ਉਸਨੂੰ ਗੰਭੀਰ ਹਾਲਤ ਵਿੱਚ ਫੋਰਟਿਸ ਹਸਪਤਾਲ ਰੈਫਰ ਕਰ ਦਿੱਤਾ ਗਿਆ। ਗੋਲੀਬਾਰੀ ਦੀ ਆਵਾਜ਼ ਸੁਣ ਕੇ ਆਲੇ-ਦੁਆਲੇ ਦੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਅਤੇ ਲੋਕ ਆਪਣੇ ਘਰਾਂ ਵਿੱਚ ਲੁਕ ਗਏ। ਸੂਚਨਾ ਮਿਲਣ 'ਤੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ। ਘਟਨਾ ਵਾਲੀ ਥਾਂ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਮੁੱਖ ਦੋਸ਼ੀ ਕੁਲਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, ਜਦੋਂ ਕਿ ਉਸਦੇ ਹੋਰ ਸਾਥੀਆਂ ਦੀ ਭਾਲ ਜਾਰੀ ਹੈ। ਫੋਰੈਂਸਿਕ ਟੀਮ ਨੇ ਮੌਕੇ ਤੋਂ ਖਾਲੀ ਕਾਰਤੂਸ ਅਤੇ ਹੋਰ ਮਹੱਤਵਪੂਰਨ ਸਬੂਤ ਇਕੱਠੇ ਕੀਤੇ। ਪੁਲਿਸ ਇਹ ਵੀ ਜਾਂਚ ਕਰ ਰਹੀ ਹੈ ਕਿ ਮੁਲਜ਼ਮਾਂ ਨੇ ਹਥਿਆਰ ਕਿੱਥੋਂ ਪ੍ਰਾਪਤ ਕੀਤੇ ਅਤੇ ਕੀ ਉਨ੍ਹਾਂ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਹੈ। ਘਟਨਾ ਤੋਂ ਬਾਅਦ, ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਲਈ ਇਲਾਕੇ ਵਿੱਚ ਪੁਲਿਸ ਗਸ਼ਤ ਵਧਾ ਦਿੱਤੀ ਗਈ ਹੈ।



# ਟੀਮ ਇੰਡੀਆ-ਪਾਕਿਸਤਾਨ ਮੈਚ ਨੂੰ ਲੈ ਵੱਡਾ ਵਿਵਾਦ, ਇੰਡੀਆ ਨਾਲ ਨਹੀਂ ਖੇਡੇਗਾ ਪਾਕਿਸਤਾਨ

**ਨਵੀਂ ਦਿੱਲੀ, 2 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਟੀ-20 ਵਿਸ਼ਵ ਕੱਪ ਤੋਂ ਠੀਕ ਪਹਿਲਾਂ, ਭਾਰਤ-ਪਾਕਿਸਤਾਨ ਮੁਕਾਬਲੇ ਨੂੰ ਲੈ ਕੇ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਪਾਕਿਸਤਾਨ ਕ੍ਰਿਕਟ ਬੋਰਡ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਸਦੀ ਟੀਮ ਭਾਰਤ ਵਿਰੁੱਧ ਨਹੀਂ ਖੇਡੇਗੀ। ਇਸਦਾ ਕਾਰਨ ਪਾਕਿਸਤਾਨੀ ਸਰਕਾਰ ਦਾ ਇੱਕ ਆਦੇਸ਼ ਹੈ। ਇਹ ਫੈਸਲਾ ਨਾ ਸਿਰਫ ਕ੍ਰਿਕਟ ਪ੍ਰਸ਼ੰਸਕਾਂ ਦੀਆਂ ਉਮੀਦਾਂ ਨੂੰ ਚਕਨਾਚੂਰ ਕਰਦਾ ਹੈ ਬਲਕਿ ਆਈਸੀਸੀ ਦੇ ਮਾਲੀਏ ਬਾਰੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਆਈਸੀਸੀ ਦੇ ਕਿਸੇ ਵੀ ਟੂਰਨਾਮੈਂਟ ਵਿੱਚ ਭਾਰਤ-ਪਾਕਿਸਤਾਨ ਮੈਚ ਸਭ ਤੋਂ ਵੱਧ ਚਰਚਾ ਵਿੱਚ ਰਹਿੰਦਾ ਹੈ। ਇਹ ਮੁਕਾਬਲਾ ਸਿਰਫ਼ ਕ੍ਰਿਕਟ ਬਾਰੇ ਨਹੀਂ ਹੈ, ਸਗੋਂ ਭਾਵਨਾਵਾਂ ਅਤੇ ਹਾਈ-ਵੋਲਟੇਜ ਡਰਾਮੇ ਦਾ ਪੈਕੇਜ ਹੈ। ਇਹੀ ਕਾਰਨ ਹੈ ਕਿ ਟੀਵੀ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਇਸ ਮੈਚ ਲਈ ਦਰਸ਼ਕਾਂ ਦੀ ਗਿਣਤੀ ਰਿਕਾਰਡ ਤੋੜ ਹੈ। ਪ੍ਰਸਾਰਕ ਇਸ ਮੈਚ ਦੇ ਆਧਾਰ 'ਤੇ ਵੱਡੇ ਪੈਕੇਜ ਖਰੀਦਦੇ ਹਨ। ਆਮ ਤੌਰ 'ਤੇ, ਇੱਕ ਭਾਰਤੀ ਮੈਚ ਲਗਭਗ 100 ਕਰੋੜ ਦੀ ਆਮਦਨ ਪੈਦਾ ਕਰਦਾ ਹੈ, ਪਰ ਪਾਕਿਸਤਾਨ ਦੇ ਵਿਰੁੱਧ, ਇਹ ਅੰਕੜਾ ਬਹੁਤ ਜ਼ਿਆਦਾ ਹੈ। ਭਾਰਤ-ਪਾਕਿਸਤਾਨ ਟੀ-20 ਮੈਚ ਦੌਰਾਨ ਇਸ਼ਤਿਹਾਰਬਾਜ਼ੀ ਦੀ ਲਾਗਤ ਅਸਮਾਨ ਛੂਹਦੀ ਹੈ। ਰਿਪੋਰਟਾਂ ਅਨੁਸਾਰ, ਇਸ ਮੈਚ ਵਿੱਚ 10 ਸਕਿੰਟ ਦੇ ਇਸ਼ਤਿਹਾਰ ਦੀ ਕੀਮਤ 25 ਤੋਂ 40 ਲੱਖ ਰੁਪਏ ਦੇ ਵਿਚਕਾਰ ਹੁੰਦੀ ਹੈ। ਇਸੇ ਕਰਕੇ ਇੱਕ ਮੈਚ ਲਗਭਗ 200 ਕਰੋੜ ਰੁਪਏ ਦਾ ਕਾਰੋਬਾਰ ਕਰਦਾ ਹੈ।

# ਗਜ਼ਿਟਡ ਅਤੇ ਨਾਨ ਗਜਟਿਡ ਐਸ ਸੀ/ ਬੀ ਸੀ ਇੰਪਲਾਈਜ ਵੈਲਫੇਅਰ ਦਾ ਵ.ਫਦ ਜਿਲ੍ਹਾ ਸਿੱਖਿਆ ਅ.ਫਸਰ ( ਐਲੀਮੈਂਟਰੀ ) ਕਪੂਰਥਲਾ ਨੂੰ ਮਿਲਿਆ

## ਅਧਿਆਪਕਾਂ ਦੇ ਵੱਖ-ਵੱਖ ਮਸਲਿਆਂ ਉੱਤੇ ਕੀਤੀ ਵਿਚਾਰ ਚਰਚਾ


ਕਪੂਰਥਲਾ, 2 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)-ਅੱਜ ਜ਼ਿਲ੍ਹਾ ਪ੍ਰਧਾਨ ਸਤਵੰਤ ਸਿੰਘ ਟੂਰਾ ਦੀ ਅਗਵਾਈ ਵਿੱਚ, ਸੈਂਟਰ ਟੀਚਰ ਸੰਤੋਖ ਸਿੰਘ ਮੱਲ੍ਹੀ ,ਲਖਵੀਰ ਚੰਦ ਜ਼ਿਲ੍ਹਾ ਜਨਰਲ ਸਕੱਤਰ, ਬਲਵਿੰਦਰ ਨਿਧੜਕ ਤਹਿਸੀਲ ਫਗਵਾੜਾ ਪ੍ਰਧਾਨ, ਅਸ਼ੋਕ ਕੁਮਾਰ, ਮਨਜੀਤ ਦਾਸ ਸੁਲਤਾਨਪੁਰ ਲੋਧੀ, ਹੈਡ ਟੀਚਰ ਹਰਜਿੰਦਰ ਸਿੰਘ ਹੈਰੀ, ਹੈਡ ਟੀਚਰ ਪਰਮਜੀਤ ਲਾਲ , ਸੂਰਤ ਸਿੰਘ ਮੁਹੱਬਲੀਪੁਰ, ਹੈਡ ਟੀਚਰ ਮੈਡਮ ਕੁਲਵਿੰਦਰ ਕੌਰ, ਹੈਡ ਟੀਚਰ ਰਜੇਸ਼ ਕੁਮਾਰ ਮੈਂਗੀ, ਸੈਂਟਰ ਹਰ ਟੀਚਰ ਜੈਮਲ ਸਿੰਘ ਸ਼ੇਖੂਪੁਰ ਆਦਿ ਦਾ ਵਫਦ ਜ਼ਿਲ੍ਹਾ ਕਪੂਰਥਲਾ ਦੇ ਡੀ ਈ ਓ( ਐਲੀਮੈਂਟਰੀ ) ਕਪੂਰਥਲਾ ਮੈਡਮ ਮਮਤਾ ਬਜਾਜ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ( ਐਲੀਮੈਂਟਰੀ) ਡਾਕਟਰ ਬਲਵਿੰਦਰ ਸਿੰਘ ਬੱਟੂ ਨੂੰ ਮਿਲਿਆ ਅਤੇ ਆਧਿਆਪਕਾਂ ਦੇ ਵੱਖ-ਵੱਖ ਮਸਲਿਆਂ ਸਬੰਧੀ ਲਿਖਤੀ ਮੰਗ ਪੱਤਰ ਵੀ ਸੌਂਪਿਆ। ਫੈਡਰੇਸ਼ਨ ਵੱਲੋਂ ਵਫਦ ਨੇ ਡੀ ਈ ਓ( ਐਲੀਮੈਂਟਰੀ ) ਕਪੂਰਥਲਾ ਮੈਡਮ ਮਮਤਾ ਬਜਾਜ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ( ਐਲੀਮੈਂਟਰੀ) ਡਾਕਟਰ ਬਲਵਿੰਦਰ ਸਿੰਘ ਨੂੰ ਵੱਖ ਵੱਖ ਮੁਲਾਜ਼ਮ ਮਸਲਿਆਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਜਿਨਾਂ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ ਜਾਂ ਫਿਰ ਟੀਚਰਾਂ ਦੀ ਵਧੇਰੇ ਘਾਟ ਮਹਿਸੂਸ ਕੀਤੀ ਜਾ ਰਹੀ ਨੂੰ ਉਹਨਾਂ ਸਕੂਲਾਂ ਵਿੱਚੋਂ ਟੀਚਰਾਂ ਦੀ ਐਡਜਸਟਮੈਂਟ ਕੀਤੀ ਜਾਵੇ ਜਿਨਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਮੁਕਾਬਲੇ ਵਾਧੂ ਅਧਿਆਪਕ ਸਟਾਫ ਬੈਠਾ ਹੈ, ਨੂੰ ਲੋੜੀਦੇ ਸਕੂਲਾਂ ਵਿੱਚ ਭੇਜਿਆ ਜਾਵੇ। ਉਹਨਾਂ ਆਖਿਆ ਕਿ ਸਾਰੇ ਹੀ ਕੇਡਰ ਦੇ ਸਰਵਿਸ ਰਿਕਾਰਡ ਨੂੰ ਸਰਵਿਸ ਬਾਕਸ ਜੀ ਪੀ ਐੱਫ ਅਤੇ ਹਰ ਪ੍ਰਕਾਰ ਦੀਆਂ ਛੁੱਟੀਆਂ ਆਦਿ ਨੂੰ ਸਮਾਂ ਵੱਧ ਪੂਰਾ ਕਰਵਾਉਣ ਲਈ ਸਕੂਲ ਮੁਖੀਆਂ ਨੂੰ ਪੱਤਰ ਜਾਰੀ ਕੀਤੇ ਜਾਣ। ਮੈਡੀਕਲ ਰੀ ਇੰਬਰੇਸ਼ਮੇਂਟਾਂ ਦੇ ਕੇਸ ਪਾਸ ਹੋਣ ਉਪਰੰਤ ਦਫਤਰਾਂ ਵਿੱਚ ਹੀ ਪਏ ਰਹਿੰਦੇ ਹਨ ਨੂੰ ਮੈਡੀਕਲ ਬਿੱਲਾਂ ਦਾ ਨਿਪਟਾਰਾ ਬਿਨਾਂ ਦੇਰੀ ਤੋਂ ਤੁਰੰਤ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। ਉਹਨਾਂ ਆਖਿਆ ਕਿ ਜਿਲ੍ਹਾ ਅਤੇ ਸਟੇਟ ਪੱਧਰ ਉੱਤੇ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਿਲ੍ਹਾ ਪੱਧਰੀ ਸਮਾਗਮਾਂ ਦੌਰਾਨ ਸਨਮਾਨਿਤ ਕੀਤਾ ਜਾਵੇ। ਪ੍ਰਮੋਸ਼ਨ ਚੈਨਲ ਨੂੰ ਨਿਰੰਤਰ ਜਾਰੀ ਰੱਖਦੇ ਹੋਏ ਜਲਦ ਤੋਂ ਜਲਦ ਹੈਡ ਟੀਚਰਾਂ ਤੋਂ ਸੈਂਟਰ ਹੈਡ ਟੀਚਰਾਂ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ। ਅਧਿਆਪਕਾਂ ਦੀ ਹਰ ਕੇਡਰ ਦੀ ਸਨਿਓਰਟੀ ਨੂੰ ਪਾਰਦਰਸ਼ਤਾ ਅਨੁਸਾਰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ। ਇਸ ਮੌਕੇ ਜ਼ਿਲ੍ਹਾ ਕਪੂਰਥਲਾ ਦੇ ਡੀ ਈ ਓ( ਐਲੀਮੈਂਟਰੀ ) ਕਪੂਰਥਲਾ ਮੈਡਮ ਮਮਤਾ ਬਜਾਜ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ( ਐਲੀਮੈਂਟਰੀ) ਡਾਕਟਰ ਬਲਵਿੰਦਰ ਸਿੰਘ ਬੱਟੂ ਆਦਿ ਤੋਂ ਇਲਾਵਾ ਦਫ਼ਤਰੀ ਕਲਰਕ ਸਤਪਾਲ ਸਿੰਘ ਆਦਿ ਮੌਜੂਦ ਸਨ ਜਿਹਨਾਂ ਗਜ਼ਿਟਡ ਅਤੇ ਨਾਨ ਗਜਟਿਡ ਐਸ ਸੀ/ ਬੀ ਸੀ ਇੰਪਲਾਈਜ ਵੈਲਫੇਅਰ ਵਫ਼ਦ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਮੰਨ ਕੇ ਜਲਦ ਤੋਂ ਜਲਦ ਲਾਗੂ ਕੀਤਾ ਜਾਵੇਗਾ।

### ਸ੍ਰ ਅਰਸ਼ਦੀਪ ਸਿੰਘ ਸਪੁੱਤਰ ਸਵ ਲਖਜੀਤ ਸਿੰਘ ਜੀ ਸੈਦੋਲੇਹਲ ਦੇ

# ਵਿਵਾਹ ਅਨੰਦ ਕਾਰਜ ਦੀ ਖੁਸ਼ੀ ਵਿੱਚ ਗੁਰਮਤਿ ਸਮਾਗਮ

## ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਹਾਜਰੀ ਭਰੀ ਅਤੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਿਆ






ਸ੍ਰੀ ਅੰਮ੍ਰਿਤਸਰ (ਰਣਦੀਪ ਸਿੰਘ ਤਰਸਿੱਕਾ)-ਸ੍ਰ ਅਰਸ਼ਦੀਪ ਸਿੰਘ ਸਪੁੱਤਰ ਸਵ ਲਖਜੀਤ ਸਿੰਘ ਦੇ ਵਿਆਹ ਆਨੰਦ ਕਾਰਜ ਦੀ ਖੁਸ਼ੀ ਵਿੱਚ ਗ੍ਰਹਿ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਹਜੂਰੀ ਰਾਗੀ ਭਾਈ ਕਾਰਜ ਸਿੰਘ ਜੀ ਨੇ ਮਨੋਹਰ ਬਾਣੀ ਦਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਇਸ ਤੋਂ ਪਹਿਲਾਂ ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਹਾਜਰੀ ਭਰੀ ਅਤੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਿਆ। ਪਾਵਨ ਹੁਕਮਨਾਮੇ ਦੀ ਸੇਵਾ ਬਾਬਾ ਸੱਜਣ ਸਿੰਘ ਜੀ ਨੇ ਕੀਤੀ। ਸਮਾਗਮ ਵਿੱਚ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੇ ਕਿਸਾਨ ਬਚਾਓ ਮੋਰਚੇ ਦੇ ਪ੍ਰਧਾਨ ਭਾਈ ਸਤਨਾਮ ਸਿੰਘ ਜੀ ਸੈਦੋਲੇਹਲ ਵਾਲਿਆਂ ਨੇ ਹਾਜਰੀ ਭਰੀ। ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੇ ਬੇਰ ਵਾਲੇ, ਭਾਈ ਰਣਦੀਪ ਸਿੰਘ ਜੀ ਬਲਾਕ ਪ੍ਰਧਾਨ ਤਰਸਿਕਾ ਅਤੇ ਜਿਲਾ ਪ੍ਰੈਸ ਸਕੱਤਰ ਅੰਮ੍ਰਿਤਸਰ ,ਭਾਈ ਰਤਨ ਸਿੰਘ ਬਲਾਕ ਪ੍ਰਧਾਨ ਮਜੀਠਾ, ਭਾਈ ਗੁਰਦਿਆਲ ਸਿੰਘ ਇਕਾਈ ਪ੍ਰਧਾਨ ਸੈਦੋ ਲੇਹਲ , ਸ੍ਰ ਹਰਦਿਆਲ ਸਿੰਘ ਸਾਬਕਾ ਇੰਸਪੈਕਟਰ ਪੰਜਾਬ ਪੁਲਿਸ, ਸ੍ਰ ਹਰਕਮਲਪ੍ਰੀਤ ਸਿੰਘ ਨੈਨੋਕੋਟ, ਗੁਰਜਿੰਦਰ ਸਿੰਘ ਘੁਹਾਟਵਿੰਡ ਬਲਾਕ ਪ੍ਰਧਾਨ , ਸ੍ਰ ਗੁਰਜਸ਼ਟਨ ਸਿੰਘ ਭੋਮਾ ਬੋਜਾ,ਬੀਬੀ ਭੁਪਿੰਦਰਜੀਤ ਕੌਰ, ਭਾਈ ਮਨਪ੍ਰੀਤ ਸਿੰਘ ਸੋਹੀ ਇਕਾਈ ਪ੍ਰਧਾਨ ਅਤੇ ਹੋਰ ਬੇਅੰਤ ਪਤਵੰਤੇ ਹਾਜ਼ਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243